# ਤਤਕਰਾ

| ਕ੍ਰਮ ਨੰ: | ਵਿਸ਼ਾ | ਪੰਨਾ ਨੰ: |
|---|---|---|
| 1. | ਮੁੱਖ-ਬੰਦ | 3 |
| 2. | ਦੀਵਾਲੀ ਤੋਂ ਪਹਿਲਾਂ ਦੋ ਤਿਉਹਾਰ— ਧਨ ਤਰੌਦਸੀ ਤੇ ਨਰਕ ਚੌਦ੍ਹੇ.... | 7 |
| 3. | ਇਕ ਨਵਾਂ ਸਮਾਜਿਕ ਸੰਕਲਪ ਉਲੀਕ ਕੇ ਮਨਾਈਏ ਦੀਵਾਲੀ | 19 |
| 4. | ਹੁਣ ਦਹਿਲ ਜਾਂਦੀ ਹੈ ਦਾਦੀ ਦੀਵਾਲੀ ਦੀ ਆਮਦ 'ਤੇ | 23 |
| 5. | ਪ੍ਰਦੂਸ਼ਣ-ਰਹਿਤ ਦੀਵਾਲੀ, ਲਿਆਵੇ ਘਰ-ਆਂਗਣ ਖ਼ੁਸ਼ਹਾਲੀ | 28 |
| 6. | ਪਟਾਕਿਆਂ ਦੇ ਖ਼ਤਰਨਾਕ ਪ੍ਰਭਾਵ | 37 |
| 7. | ਆਓ! ਪ੍ਰਦੂਸ਼ਣ-ਮੁਕਤ ਦੀਵਾਲੀ ਮਨਾਈਏ | 41 |
| 8. | ਆਓ! ਪ੍ਰਦੂਸ਼ਣ-ਮੁਕਤ ਦੀਵਾਲੀ ਲਈ ਪਹਿਲ ਕਰੀਏ | 46 |
| 9. | ਸਾਡੀ ਕਾਹਦੀ ਸੀ ਦੀਵਾਲੀ ਸਰਕਾਰਾਂ ਵਾਲਿਓ | 52 |
| 10. | ਆਓ ਹਨੇਰੀਆਂ ਖ਼ਿਲਾਫ਼ ਬਲਦੇ ਰਹਿਣ ਦਾ ਸੰਕਲਪ ਕਰੀਏ | 53 |
| 11. | ਮਿੱਟੀ ਦੇ ਦੀਵੇ ਦੀ ਪੁਕਾਰ | 60 |
| 12. | ਦੀਵਾਲੀ (ਕਵਿਤਾ) | 67 |
| 13. | ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ | 68 |



**ਜੂਨ 2018 ਨੂੰ ਛਪੀ 10,000**

**ਜ਼ਰੂਰੀ ਸੂਚਨਾ**

1. **ਪਿੰਗਲਵਾੜਾ ਸੰਸਥਾ ਨੂੰ ਭੇਜੇ ਹੋਏ ਦਾਨ ਉੱਪਰ ਇਨਕਮ ਟੈਕਸ ਐਕਟ, 1961 ਦੇ ਸੈਕਸ਼ਨ 80-ਜੀ ਅਧੀਨ ਟੈਕਸ ਤੋਂ ਛੋਟ ਪ੍ਰਾਪਤ ਹੈ।**
2. **ਕੈਸ਼ ਵਿੱਚ ਦਿੱਤੇ ਦਾਨ ਉੱਪਰ ਇਹ ਛੋਟ ਸਿਰਫ਼ 2000/- ਰੁਪਏ ਤੱਕ ਹੀ ਮਿਲ ਸਕੇਗੀ ।**

1. The donations made to Pingalwara are exempted from Income Tax U/S 80-G, of I.T. Act 1961.
2. In the case of donations made in cash, such exemption would be available on Rs. 2000/- only.

**ਮੁਫ਼ਤ ਭੇਟਾ**

**ਪ੍ਰਕਾਸ਼ਕ: ਡਾ. ਇੰਦਰਜੀਤ ਕੌਰ,**
**ਪ੍ਰਧਾਨ,**
ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), ਅੰਮ੍ਰਿਤਸਰ ।

**ਛਾਪਕ: ਪੂਰਨ ਪ੍ਰਿੰਟਿੰਗ ਪ੍ਰੈਸ,**
ਮਾਨਾਂਵਾਲਾ ਕੰਪਲੈਕਸ, ਜੀ. ਟੀ. ਰੋਡ, ਅੰਮ੍ਰਿਤਸਰ।

website:www. pingalwara.org

E-mail: pingalwara57@gmail.com

# ਮੁੱਖ-ਬੰਦ

ਸਾਡੇ ਦੇਸ਼ ਵਿੱਚ ਮੇਲਿਆਂ ਤੇ ਤਿਉਹਾਰਾਂ ਦਾ ਵਿਸ਼ੇਸ਼ ਮਹੱਤਵ ਹੈ । ਜੇ ਕਹਿ ਲਿਆ ਜਾਵੇ ਕਿ ਇਹ ਮੇਲਿਆਂ ਤੇ ਤਿਉਹਾਰਾਂ ਦਾ ਦੇਸ਼ ਹੈ, ਤਾਂ ਕੋਈ ਅਤਿਕਥਨੀ ਨਹੀਂ । ਬਸੰਤ, ਵੈਸਾਖੀ, ਹੋਲੀ, ਦੀਵਾਲੀ ਤੇ ਦੁਸਹਿਰਾ ਸਾਡੇ ਕੌਮੀ ਤਿਉਹਾਰ ਹਨ । ਇਨ੍ਹਾਂ ਵਿੱਚੋਂ ਦੀਵਾਲੀ ਵੀ ਇਕ ਵਿਸ਼ੇਸ਼ ਤਿਉਹਾਰ ਹੈ । ਇਹ ਹਰੇਕ ਸਾਲ ਬੜੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ ।

ਇਤਿਹਾਸ ਦੱਸਦਾ ਹੈ ਕਿ ਇਸ ਦਿਨ ਸ਼੍ਰੀ ਰਾਮ ਚੰਦਰ ਜੀ ਲੰਕਾ ਜਿੱਤ ਕੇ ਅਯੁੱਧਿਆ ਵਾਪਸ ਆਏ ਸਨ । ਉਨ੍ਹਾਂ ਦੇ ਜਿੱਤ ਕੇ ਆਉਣ ਦੀ ਖੁਸ਼ੀ ਵਿੱਚ ਅਯੁੱਧਿਆ ਵਾਸੀਆਂ ਨੇ ਪੂਰੀ ਨਗਰੀ ਵਿੱਚ ਦੀਪਮਾਲਾ ਕਰਕੇ ਖੁਸ਼ੀ ਪ੍ਰਗਟਾਈ ਸੀ ।

ਸਿੱਖਾਂ ਵਿੱਚ ਛੇਵੀਂ ਪਾਤਿਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗਵਾਲੀਅਰ ਦੇ ਕਿਲ੍ਹੇ ਵਿੱਚੋਂ ਰਿਹਾ ਹੋ ਕੇ ਆਉਣ ’ਤੇ ਦੀਪਮਾਲਾ ਕਰਕੇ ਖੁਸ਼ੀ ਮਨਾਈ ਗਈ—ਤੇ ਇਹ ਤਿਉਹਾਰ ਉਸੇ ਤਰ੍ਹਾਂ ਹਰ ਸਾਲ ਮਨਾਇਆ ਜਾਂਦਾ ਹੈ ।

ਸਤਿਕਾਰ ਯੋਗ ਭਗਤ ਪੂਰਨ ਸਿੰਘ ਜੀ ਨੇ ਆਪਣੇ ਲੇਖ 'ਦੀਵਾਲੀ ਤੋਂ ਪਹਿਲਾਂ ਦੋ ਤਿਉਹਾਰ—ਧਨ ਤਰੋਦਸੀ ਤੇ ਨਰਕ ਚੌਦ੍ਹੇ' ਵਿੱਚ ਇਸ ਦੀ ਮਹੱਤਤਾ ਪ੍ਰਗਟਾਈ ਹੈ ਤੇ ਧਾਰਮਿਕ ਰੀਤੀ-ਰਿਵਾਜਾਂ ਨਾਲ ਮਨਾਉਣ ਦਾ ਵਰਣਨ ਕੀਤਾ ਹੈ ।



ਵੱਖ-ਵੱਖ ਧਰਮਾਂ ਤੇ ਵਰਗਾਂ ਵਿੱਚ ਪੂਰੇ ਦੇਸ਼ ਵਿੱਚ ਇਸ ਤਿਉਹਾਰ ਨੂੰ ਪੂਰੇ ਜੋਰ-ਸ਼ੋਰ ਨਾਲ ਮਨਾਇਆ ਜਾਂਦਾ ਹੈ । ਇਸ ਪੁਸਤਕ ਵਿੱਚ ਪੁਰਾਣੇ ਤੇ ਅਜੋਕੇ ਸਮੇਂ ’ਚ ਦੀਵਾਲੀ ਦਾ ਤਿਉਹਾਰ ਮਨਾਉਣ ਬਾਰੇ ਲੇਖਕਾਂ ਨੇ ਆਪਣੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ ਤੇ ਅੱਗੋਂ ਦੀਵਾਲੀ ਕਿਸ ਤਰ੍ਹਾਂ ਮਨਾਈਏ ਇਸ ਬਾਰੇ ਖ਼ਾਸ ਤੌਰ ’ਤੇ ਨੌਜਵਾਨ ਵਰਗ ਨੂੰ ਪ੍ਰੇਰਿਆ ਹੈ ।

ਪਹਿਲੇ ਸਮਿਆਂ ਵਿੱਚ ਘਰਾਂ ਵਿੱਚ ਗੁੜ ਦੇ ਗੁਲਗਲੇ, ਪਕੌੜੇ ਤੇ ਹੋਰ ਪਕਵਾਨ ਬਣਾ ਕੇ ਦੀਵਾਲੀ ਦੀਆਂ ਖ਼ੁਸ਼ੀਆਂ ਸਾਂਝੀਆਂ ਕੀਤੀਆਂ ਜਾਂਦੀਆਂ ਸਨ, ਪਰ ਹੁਣ ਬਜ਼ਾਰੀ ਮਿਠਿਆਈਆਂ ਵਿੱਚ ਜ਼ਹਿਰ ਖਾ ਰਹੇ ਹਾਂ ।

ਇਸ ਤਿਉਹਾਰ ’ਤੇ ਕਈ ਲੋਕ ਜੂਆ ਖੇਡਣਾ ਚੰਗਾ ਸ਼ਗਨ ਮੰਨਦੇ ਹਨ—ਤੇ ਇਸ ਭਰਮ ’ਚ ਕਿ ਸਾਰਾ ਸਾਲ ਲਾਭ ਹੋਵੇਗਾ—ਕੰਗਾਲ ਹੋ ਜਾਂਦੇ ਹਨ । ਕਈ ਸ਼ਰਾਬਾਂ ਪੀ ਕੇ ਮੁਕਾਬਲੇ ਵਿੱਚ ਆਤਿਸ਼ਬਾਜ਼ੀ ਚਲਾਉਂਦੇ ਹਨ, ਜਿਸ ਨਾਲ ਕਈ ਹਾਦਸੇ ਹੋ ਜਾਂਦੇ ਹਨ ਅਤੇ ਕਰੋੜਾਂ ਰੁਪਏ ਦੀ ਬਰਬਾਦੀ ਹੋ ਜਾਂਦੀ ਹੈ । ਪ੍ਰਦੂਸ਼ਣ ਇੰਨਾ ਹੋ ਜਾਂਦਾ ਹੈ ਕਿ ਰਾਤ ਨੂੰ ਅਕਾਸ਼ ’ਤੇ ਬੱਦਲ ਛਾ ਜਾਂਦੇ ਹਨ, ਗਲੇ ’ਚ ਖ਼ਰਾਸ਼ ਤੇ ਕਈ ਬਿਮਾਰੀਆਂ ਲੱਗ ਜਾਂਦੀਆਂ ਹਨ । ਇਸ ਪੁਸਤਕ ਦੇ ਲੇਖ '**ਦਾਦੀ ਦਹਿਲ ਜਾਂਦੀ ਹੈ ਦੀਵਾਲੀ ਦੀ ਆਮਦ ’ਤੇ**' ਵਿੱਚ ਦਾਦੀ ਮਾਂ ਦੱਸਦੀ ਹੈ ਕਿ ਆਤਿਸ਼ਬਾਜ਼ੀ ਚੱਲਣ ਨਾਲ ਸਾਡਾ ਚੁਫੇਰਾ ਧੁਆਂਖਿਆ ਜਾਂਦਾ ਹੈ । ਉਸਨੂੰ ਲੱਗਦਾ ਹੈ ਕਿ ਇਹ ਪਟਾਕੇ ਨਹੀਂ ਦੇਸ਼ ਦਾ ਧਨ ਹੈ ਜੋ ਫੂਕਿਆ ਜਾ ਰਿਹਾ ਹੈ । ਥੋੜ੍ਹਾ ਸੰਜਮ ਕਰਨ ਨਾਲ ਕਰੋੜਾਂ ਰੁਪਏ ਕਿਸੇ ਸਕੂਲ,

ਕਾਲਜ, ਹਸਪਤਾਲ ਨੂੰ ਬਣਾਉਣ ਲਈ ਵਰਤੇ ਜਾ ਸਕਦੇ ਹਨ

ਲੇਖਕਾਂ ਨੇ ਆਪਣੇ ਆਪਣੇ ਲੇਖਾਂ ਵਿੱਚ ਧਾਰਮਿਕ ਰੀਤੀ-ਰਿਵਾਜਾਂ ਅਨੁਸਾਰ ਦੀਵਾਲੀ ਦਾ ਤਿਉਹਾਰ ਮਨਾਉਣ ਨੂੰ ਜ਼ਾਰੀ ਰੱਖਦੇ ਹੋਏ ਪ੍ਰਦੂਸ਼ਣ ਰਹਿਤ ਦੀਵਾਲੀ ਮਨਾਉਣ ਲਈ ਪ੍ਰੇਰਿਆ ਹੈ ।—ਆਉ, ਅਸੀਂ ਸਾਰੇ ਲੇਖਕਾਂ ਦੀ ਰਾਏ ਨਾਲ ਸਹਿਮਤ ਹੁੰਦੇ ਹੋਏ ਇਸ 'ਤੇ ਅਮਲ ਕਰੀਏ ਤੇ ਨੌਜਵਾਨ ਵਰਗ ਨੂੰ ਵੀ ਪ੍ਰੇਰੀਏ । ਪਾਠਕ ਜਨ ਪੁਸਤਕ ਪੜ੍ਹ ਕੇ ਆਪਣੇ ਸੁਝਾਅ ਭੇਜਣ ਦੀ ਕ੍ਰਿਪਾਲਤਾ ਕਰਨ ਤੇ ਭਗਤ ਪੂਰਨ ਸਿੰਘ ਜੀ ਤੇ ਉਨ੍ਹਾਂ ਦੀ ਧਰਮ ਸਪੁੱਤਰੀ ਉਤਰਾਧਿਕਾਰੀ ਡਾ: ਇੰਦਰਜੀਤ ਕੌਰ ਪਾਸੋਂ ਅਸੀਸਾਂ ਪ੍ਰਾਪਤ ਕਰਨ ।

ਧੰਨਵਾਦ ਸਹਿਤ!

ਸੰਗਤਾਂ ਦਾ ਦਾਸ
ਜਾਗੀਰ ਸਿੰਘ ਸੈਣੀ
ਪਰੂਫ ਰੀਡਰ,
**M: 98150-74381**



## ਸਾਵਧਾਨ ! ਸਾਵਧਾਨ !! ਸਾਵਧਾਨ !!

ਭਾਰਤ ਵਿੱਚ ਹਰ ਸਾਲ ਦਸ ਲੱਖ ਪੰਜਾਹ ਹਜ਼ਾਰ ਹੈਕਟੇਅਰ ਦੇ ਹਿਸਾਬ ਨਾਲ ਜੰਗਲਾਂ ਦਾ ਰਕਬਾ ਘਟਦਾ ਜਾ ਰਿਹਾ ਹੈ । ਜੰਗਲਾਂ ਦੇ ਐਡੇ ਵੱਡੇ ਰਕਬੇ ਦੀ ਹਰ ਸਾਲ ਦੀ ਕਟਾਈ ਨੂੰ ਜੇ ਛੇਤੀ ਤੋਂ ਛੇਤੀ ਰੋਕ ਨਾ ਪਾਈ ਗਈ ਤੇ ਜੰਗਲਾਂ ਦਾ ਰਕਬਾ ਛੇਤੀ ਤੋਂ ਛੇਤੀ ਤੇ ਵੱਧ ਤੋਂ ਵੱਧ ਨਾ ਵਧਾਇਆ ਗਿਆ ਤਾਂ ਭਾਰਤ ਦੀ ਸਾਰੀ ਧਰਤੀ ਰੇਤ ਦਾ ਮਾਰੂਥਲ ਬਣ ਜਾਵੇਗੀ । ਧਰਤੀ ਰੇਤ ਦਾ ਮਾਰੂਥਲ ਹੋਣ ਤੋਂ ਤਾਂ ਹੀ ਬਚ ਸਕਦੀ ਹੈ ਜੇਕਰ ਮੈਦਾਨੀ ਇਲਾਕੇ ਵਿੱਚ 100 ਵਿੱਚੋਂ 21 ਹਿੱਸੇ ਦੇ ਹਿਸਾਬ ਨਾਲ ਅਤੇ ਪਹਾੜੀ ਇਲਾਕੇ ਵਿੱਚ 100 ਵਿੱਚੋਂ 66 ਹਿੱਸੇ ਦੇ ਹਿਸਾਬ ਨਾਲ ਜੰਗਲ ਲੱਗੇ ਹੋਏ ਹੋਣ । ਸੰਨ 1930 ਵਿੱਚ ਭਾਰਤ ਦਾ ਸਮੁੰਦਰ ਤੋਂ ਬਾਹਰੀ ਧਰਤੀ ਦਾ ਤੀਜਾ ਹਿੱਸਾ ਜੰਗਲਾਂ ਨਾਲ ਕੱਜਿਆ ਹੋਇਆ ਸੀ । 1951 ਵਿੱਚ ਉਸ ਰਕਬੇ ਵਿੱਚ 100 ਵਿੱਚੋਂ 23 ਹਿੱਸੇ ਦੇ ਹਿਸਾਬ ਨਾਲ ਜੰਗਲ ਬਾਕੀ ਰਹਿ ਗਏ ਸਨ ; ਪਰ 1989 ਵਿੱਚ ਜੰਗਲਾਂ ਦਾ ਇਹ ਰਕਬਾ ਘਟ ਕੇ 100 ਵਿੱਚੋਂ 10 ਹਿੱਸੇ ਹੀ ਰਹਿ ਗਿਆ ਹੈ । ਜੇ ਇਨ੍ਹਾਂ ਜੰਗਲਾਂ ਦੀ ਅੰਨ੍ਹੇਵਾਹ ਹੋ ਰਹੀ ਕਟਾਈ ਨੂੰ ਛੇਤੀ ਤੋਂ ਛੇਤੀ ਨਾ ਰੋਕਿਆ ਗਿਆ ਤੇ ਰੁੱਖ ਲਾ ਕੇ ਧਰਤੀ ਨੂੰ ਉੱਤੇ ਦਿੱਤੇ ਗਏ ਹਿਸਾਬ ਨਾਲ ਨਾ ਕੱਜਿਆ ਗਿਆ ਤਾਂ ਸੋਕੇ ਆਉਣਗੇ, ਕਾਲ ਆਉਣਗੇ, ਧਰਤੀ ਖੁਰੇਗੀ ਤੇ ਰੇਤ ਦਾ ਮਾਰੂਥਲ ਬਣ ਜਾਵੇਗੀ ।

# ਦੀਵਾਲੀ ਤੋਂ ਪਹਿਲਾਂ ਦੋ ਤਿਉਹਾਰ—ਧਨ ਤਰੌਦਸੀ ਤੇ ਨਰਕ ਚੌਦ੍ਹੇ ਬਾਰੇ ਭਗਤ ਜੀ ਦੇ ਬਿਮਾਰੀ ਦੀ ਹਾਲਤ ਵਿੱਚ ਹਸਪਤਾਲ ਤੋਂ ਲਿਖੇ ਵਿਚਾਰ

ਸਾਇੰਸ ਦਾ ਜੁੱਗ ਆਏ ਨੂੰ ਬਹੁਤ ਸਮਾਂ ਨਹੀਂ ਹੋਇਆ, ਮਸਾਂ ਢਾਈ ਸੌ ਸਾਲ ਹੋਏ ਹੋਣਗੇ ਜਾਂ ਵੱਧ, ਪਰ ਕਈ ਗੱਲਾਂ ਮਨੁੱਖ ਦੇ ਪ੍ਰਤੀ-ਦਿਨ ਦੇ ਜੀਵਨ-ਵਿਵਹਾਰ ਦੀਆਂ ਅਜਿਹੀਆਂ ਹੁੰਦੀਆਂ ਹਨ ਜਿਹੜੀਆਂ ਉਸ ਦੀ ਸਿਹਤ ਨੂੰ ਠੀਕ ਰੱਖਣ ਤੇ ਰੋਗਾਂ ਤੋਂ ਬਚਾਉਣ ਲਈ ਜ਼ਰੂਰੀ ਹੁੰਦੀਆਂ ਹਨ। ਸ਼ਾਇਦ ਇਹ ਗੱਲ ਸਵਾਮੀ ਵਿਸ਼ਵਾ ਨੰਦ ਨੇ ਲਿਖੀ ਹੈ, ਕਿਉਂਕਿ ਭਾਰਤ ਦੇ ਲੋਕ ਧਰਮ ਦੇ ਰੀਤੀ ਰਿਵਾਜਾਂ ਨੂੰ ਪੂਰੀ ਲਗਨ ਨਾਲ ਮੰਨਦੇ ਹਨ । ਇਸ ਲਈ ਸਿਹਤ ਨੂੰ ਰੋਗਾਂ ਤੋਂ ਬਚਾ ਕੇ ਰੱਖਣ ਦਾ ਅਸੂਲ ਵੀ ਰਿਸ਼ੀਆਂ ਮੁਨੀਆਂ ਨੇ ਧਰਮ ਦੇ ਨਿਯਮਾਂ ਵਿੱਚ ਹੀ ਸ਼ਾਮਲ ਕਰ ਦਿੱਤਾ । ਦਸਮ ਗ੍ਰੰਥ ਦੀ ਬਾਣੀ ਵਿੱਚ ਮਨੁੱਖ ਦੀ ਨਿਤਾ-ਪ੍ਰਤੀ ਜੀਵਨ ਕਿਰਿਆ ਬਾਰੇ ਆਉਂਦਾ ਹੈ :-

**"ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨਿ ਪ੍ਰੀਤਿ ।"**

ਦੀਵਾਲੀ ਦੇ ਸੰਬੰਧ ਵਿੱਚ ਜਿਹੜਾ ਲੇਖ ਅਸੀਂ ਦੇ ਰਹੇ ਹਾਂ ਉਸ ਦਾ ਪਹਿਲਾ ਹਿੱਸਾ ਕਲਪਤ ਨਹੀਂ ਠੀਕ ਦਲੀਲ ਅਨੁਸਾਰ ਹੈ, ਪਰ ਬਾਕੀ ਦੀ ਵਿਸ਼ਨੂੰ ਜੀ ਦੀ ਕਥਾ ਕਲਪਤ ਹੈ । ਸੋ ਜਿਹੜੇ ਸੱਜਣ ਇਸ ਕਲਪਤ ਕਹਾਣੀ ਨੂੰ ਪੜ੍ਹਣ ਉਹ ਇਹ ਨਾ ਸਮਝਣ ਕਿ ਇਹ ਕਹਾਣੀ ਸੱਚੀ ਸਮਝ ਕੇ ਲਿਖੀ ਗਈ ਹੈ; ਬਲਕਿ ਇਹ ਸਮਝਣ ਕਿ ਸਾਇੰਸ ਦੇ ਯੁੱਗ ਤੋਂ ਪਹਿਲਾਂ ਭਾਰਤ ਦੇ ਪ੍ਰਾਚੀਨ ਬਜ਼ੁਰਗਾਂ ਨੂੰ ਲੋਕਾਂ ਨੂੰ ਘਰਾਂ ਦੀ ਸਫ਼ਾਈ ਤੇ ਬਰਸਾਤ ਦੇ ਕੀੜਿਆਂ ਮਕੌੜਿਆਂ ਤੋਂ ਛੁਟਕਾਰਾ ਪਾਉਣ ਲਈ ਕਿਸ ਤਰ੍ਹਾਂ ਬਚਣਾ ਪਿਆ ।

ਦੀਵਾਲੀ, ਦੁਸਹਿਰਾ ਆਦਿ ਤਿਉਹਾਰਾਂ ਨੂੰ ਬੱਚੇ ਘਰਾਂ ਵਿੱਚ



ਮਹੀਨਿਆਂ ਬੱਧੀ ਪਹਿਲਾਂ ਯਾਦ ਕਰਨ ਲੱਗ ਪੈਂਦੇ ਹਨ । ਫਿਰ ਗੱਲ ਤਾਂ ਇਹ ਹੈ ਕਿ ਬੰਦਾ ਮਸ਼ੀਨ ਬਣ ਕੇ ਸਾਲ ਦੇ ੩੬੫ ਦਿਨ ਕੰਮ ਕਰਨਾ ਨਹੀਂ ਚਾਹੁੰਦਾ । ਉਹ ਛੁੱਟੀ ਵੀ ਚਾਹੁੰਦਾ ਹੈ, ਭਾਵੇਂ ਸਾਲ ਵਿੱਚ ਦਸ ਛੁੱਟੀਆਂ ਹੀ ਤਿਉਹਾਰਾਂ ਦੀਆਂ ਹੋਣ । ਉਸ ਦਿਨ ਘਰਾਂ ਦੇ ਸਾਰੇ ਗ਼ਮ ਭੁੱਲ ਜਾਂਦੇ ਹਨ, ਬੱਸ ਹੁਲਾਰਾ ਹੀ ਹੁਲਾਰਾ ਹੁੰਦਾ ਹੈ ।

**(Monolong of life)**

ਦੁਸਹਿਰਾ ਤੇ ਦੀਵਾਲੀ ਵਰਗੇ ਤਿਉਹਾਰ ਸਾਡੇ ਜੀਵਨ ਨੂੰ ਉਸੇ ਤਰ੍ਹਾਂ ਤਾਜ਼ਗੀ ਬਖ਼ਸ਼ਦੇ ਹਨ ਜਿਵੇਂ ਅਸੀਂ ਬਾਹਰ ਦੇ ਘਾਹਾਂ ਦੇ ਸੈਰ ਵਾਲਿਆਂ (ਪਾਰਕਾਂ) ਕਿੱਤਿਆਂ ਵਿੱਚ ਕਬੱਡੀ ਖੇਡਦੇ ਹਾਂ । ਇਕ ਵਾਰੀ ਮੈਂ ਰੇਲ ਗੱਡੀ ਵਿੱਚ ਸਫ਼ਰ ਕਰ ਰਿਹਾ ਸੀ ਤਾਂ ਉੱਥੇ ਬੈਠਾ ਇਕ ਟਿਕਟ ਕੁਲੈਕਟਰ ਗੱਲ ਕਰ ਰਿਹਾ ਸੀ ਕਿ ਜਿਸ ਬੰਦੇ ਦੇ ਪਾਸ ਘੜੀ ਹੁੰਦੀ ਹੈ ਉਹ ਆਦਮੀ ਰੇਲ ਗੱਡੀ 'ਤੇ ਚੜ੍ਹਣ ਤੋਂ ਰਹਿ ਜਾਂਦਾ ਹੈ, ਕਿਉਂਕਿ ਉਹ ਘੜੀ ਦੇਖ ਕੇ ਕਹੀ ਜਾਂਦਾ ਹੈ ਅਜੇ ਬਥੇਰਾ ਸਮਾਂ ਪਿਆ ਹੈ; ਪਰ ਜਿਸ ਪਾਸ ਘੜੀ ਨਹੀਂ ਹੁੰਦੀ ਉਹ ਦੋ ਘੰਟੇ ਪਹਿਲਾਂ ਰੇਲਵੇ ਸਟੇਸ਼ਨ 'ਤੇ ਪਹੁੰਚ ਜਾਂਦਾ ਹੈ । ਜਿਹੜੇ ਅੰਗਰੇਜ਼ੀ ਪੜ੍ਹੇ ਲਿਖੇ ਬੰਦੇ ਭਾਰਤ ਦੇ ਸਦੀਆਂ ਤੋਂ ਚਲੇ ਆ ਰਹੇ ਦੀਵਾਲੀ ਦੁਸਹਿਰਾ ਵਰਗੇ ਤਿਉਹਾਰਾਂ ਨੂੰ ਛੱਡ ਰਹੇ ਹਨ ਉਹਨਾਂ ਨੂੰ ਘਰਾਂ ਦੀ ਸਫ਼ਾਈ ਕਰਨੀ ਘੜੀਆਂ ਵਾਲਿਆਂ ਵਾਂਗ ਭੁੱਲ ਜਾਂਦੀ ਹੈ । ਇਕ ਵਾਰੀ ਪਿੰਗਲਵਾੜੇ ਦੇ ਰਾਸ਼ਨ ਸਟੋਰ ਦੀ ਕੁਝ ਚਿਰ ਸਫ਼ਾਈ ਨਾ ਕੀਤੀ ਗਈ ਤਾਂ ਸਟੋਰ ਵਿੱਚ ਸੱਪ ਪੈਦਾ ਹੋ ਗਏ ।

ਸ੍ਰੀ ਚੱਕਰਵਰਤੀ ਰਾਜ ਗੋਪਾਲ ਆਚਾਰੀਆ ਭਾਰਤ ਦੇ ਮਹਾਨ ਵਿਦਵਾਨ ਹੁੰਦੇ ਸਨ । ਉਹਨਾਂ ਨੇ ਲਿਖਿਆ ਹੈ ਕਿ ਹਿੰਦੂ ਘਰਾਂ ਦੇ ਅੰਗਰੇਜ਼ੀ ਪੜ੍ਹੇ ਲਿਖੇ ਮੁੰਡੇ-ਕੁੜੀਆਂ (ਖ਼ਾਸ ਤੌਰ 'ਤੇ ਸ਼ਾਇਦ ਉਸਨੇ ਇਕੱਲਿਆਂ ਮੁੰਡਿਆਂ ਵਾਸਤੇ ਹੀ ਆਖਿਆ ਹੋਵੇ) ਦੀਵਾਲੀ ਤੇ ਦੁਸਹਿਰੇ ਦੀਆਂ ਪੂਜਾ ਦੀਆਂ ਰਸਮਾਂ ਵਿੱਚ ਸ਼ਾਮਲ ਨਹੀਂ ਹੁੰਦੇ ।

ਇਹਨਾਂ ਗੱਲਾਂ ਤੋਂ ਉਹਨਾਂ ਦੇ ਹਿਰਦਿਆਂ ਵਿੱਚ ਹਿੰਦੂ ਧਰਮ ਦੇ ਸੰਸਕਾਰ ਮਿੱਟ ਜਾਣਗੇ । ਨਵਿਆਂ ਦਾ ਸੰਚਾਰ ਨਾ ਹੋਵੇਗਾ । ਮੈਂ ਇਕ ਹਿੰਦੂ ਪਰਿਵਾਰ ਵਿੱਚ ਜੰਮਿਆ ਪਲਿਆ ਹਾਂ । ਮੈਨੂੰ ਪਤਾ ਹੈ ਕਿ ਦੁਸਹਿਰੇ ਤੇ ਨਰਾਤਿਆਂ 'ਤੇ ਕਿੰਨੇ ਦਿਨ ਜੌਆਂ ਦੀ ਗੌਰਜਾਂ ਕੁੱਜਿਆਂ ਤੇ ਠੂਠੀਆਂ ਵਿੱਚ ਬੀਜਣ ਦਾ ਕਿੰਨਾ ਸਾਨੂੰ ਚਾਓ ਹੁੰਦਾ ਸੀ । ਕੁੱਜਿਆਂ ਤੇ ਠੂਠੀਆਂ ਵਿੱਚ ਉੱਗੇ ਹੋਏ ਜੌਂ ਕਿੰਨਾ ਸਾਡੇ ਬੱਚਿਆਂ ਦੇ ਮਨਾਂ ਨੂੰ ਆਗਾਧ ਚਾਉ ਤੇ ਮਸਤੀ ਪ੍ਰਦਾਨ ਕਰਿਆ ਕਰਦੇ ਸਨ । ਅਸੀਂ ਰੋਜ਼ ਦੇਖਦੇ ਸਾਂ ਕਿ ਜੌਂ ਕਿੰਨੇ ਉੱਗ ਗਏ ਹਨ । ਹੁਣ ਬਦਕਿਸਮਤ ਅਮੀਰ ਮੁੰਡੇ ਹੋਟਲਾਂ ਤੇ ਕਲੱਬਾਂ ਵਿੱਚ ਜਾ ਕੇ ਬੇੜਾ ਰੋਹੜਦੇ ਹਨ, ਕੁਸੰਗਤ ਪ੍ਰਾਪਤ ਕਰਦੇ ਹਨ, ਕਾਲੇ-ਧਨ ਦੇ ਸਿਰ 'ਤੇ ਦੇਸ਼ ਦੀਆਂ ਜੜ੍ਹਾਂ ਨੂੰ ਖੋਖਲਿਆਂ ਕਰਦੇ ਹਨ । ਦੁਸਹਿਰੇ ਵਾਲੇ ਦਿਨ ਮੇਰੀ ਮਾਂ ਤੜਕੇ ਹਨੇਰੇ ਵਿੱਚ ਉੱਠ ਕੇ ਪਿੰਡ ਦੇ ਤਲਾਬ ਨੂੰ ਜਾਂਦੇ ਸਨ । ਸਾਰੇ ਪਿੰਡ ਦੇ ਬੱਚੇ ਮਾਂ-ਬਾਪ ਨਾਲ ਜਾਂਦੇ ਸਨ । ਗੌਰਜਾਂ ਨੂੰ ਸੱਤ ਸੱਤ ਵਾਰ ਪਾਣੀ ਵਿੱਚ ਡੁਬੋ ਕੇ ਫਿਰ ਤਲਾਬ ਵਿੱਚ ਛੱਡ ਦਿੰਦੇ ਸਨ । ਫੇਰ ਸਾਰੇ ਤਲਾਬ ਦੇ ਲਾਗੇ ਕੀੜਿਆਂ ਦੇ ਭੌਣ 'ਤੇ ਤਿਲ, ਚਾਵਲ, ਗੁੜ, ਸ਼ੱਕਰ ਦੀ ਤਿਲਚੌਲੀ ਕੇਰ ਕੇਰ ਸੁੱਟਦੇ ਸਨ । ਕੀੜਿਆਂ ਨੂੰ ਜੀਵ ਦਇਆ ਦੀ ਪੂਜਾ ਦੇ ਭਾਵ ਨਾਲ ਦੇਖਦੇ ਸਨ । ਇਸ ਨਾਲ ਦੁਨੀਆਂ ਵਿੱਚ ਅਮਨ ਤੇ ਸ਼ਾਂਤੀ ਦੀ ਨੀਂਹ ਬੱਝਦੀ ਹੈ । ਤਿਲਚੌਲੀ ਪਾਉਂਦੇ ਹੋਏ ਗਾਉਂਦੇ ਸਨ :-

**"ਕੀੜਿਓ ਮਕੌੜਿਓ ਅੰਨ ਦਿਓ, ਧਨ ਦਿਓ,**
**ਭਾਈ ਦਿਓ ਭਤੀਜਾ ਦਿਓ ਗੋਦੀਆ ਖਿਡਾਉਣ ਨੂੰ ॥"**

ਇਹਨਾਂ ਸ਼ਬਦਾਂ ਤੋਂ ਕੀੜਿਆਂ ਨੂੰ ਪੂਜਾ ਦਾ ਪਾਤਰ ਮੰਨਿਆ ਗਿਆ ਹੈ। ਇਹੋ ਗੁਰੂ ਗ੍ਰੰਥ ਸਾਹਿਬ ਦੀ ਸ਼ਿਖ਼ਸ਼ਾ ਹੈ :

**'ਸਰਬ ਮੈ ਪੇਖੈ ਭਗਵਾਨੁ ॥'** (ਅੰ ੨੭੪)



ਸੰਸਾਰ ਵਿੱਚ ਦੋ ਪੁਸਤਕਾਂ ਬਹੁਤ ਉੱਚ ਦਰਜੇ ਦੀਆਂ ਹਨ । **'History of civilization'by Arnold**—ਤੇ ਦੂਸਰੀ ਪੁਸਤਕ **Albert Schweitzer;** ਇਨ੍ਹਾਂ ਪੁਸਤਕਾਂ ਵਿੱਚੋਂ ਭਾਰਤੀ ਵਿੱਦਿਆ ਭਵਨ ਬੰਬਈ ਸ੍ਰੀ.ਕੇ. ਐਮ. ਮੁਨਸ਼ੀ **(K.M. Munshi)** ਨੇ ਇਕ ਹਿੱਸਾ ਕੱਢਿਆ ਹੈ ਜਿਸ ਦਾ ਇਕ ਪੂਰਾ ਕਿਤਾਬਚਾ ਬਣਿਆ ਹੈ, ਜਿਸ ਦਾ ਨਾਮ ਹੈ **Reverence of life.** ਅਲਬਰਟ ਸਵਿੱਟਜ਼ਰ ਇਸ ਸਦੀ ਦਾ ਮਹਾਨ ਬੰਦਾ ਗਿਣਿਆ ਗਿਆ ਹੈ । ਉਸ ਨੇ ਤੱਤ ਕੱਢਿਆ ਹੈ **"I am life willing to live in the midst of life willing to live."Albert Schweitzer** ਨੂੰ ਨੋਬਲ ਪ੍ਰਾਈਜ਼ **(Noble Prize)** ਮਿਲਿਆ ਸੀ । ਉਸ ਨੂੰ ਮਰੇ ਹੋਏ ਪੰਦਰਾਂ ਕੁ ਸਾਲ ਹੋ ਗਏ ਹਨ । ਉਸ ਦੀ ਕਹਾਣੀ ਦੁਨੀਆਂ ਦੇ ਇਤਿਹਾਸ ਵਿੱਚ ਇਕ ਅਜਿਹੀ ਕਹਾਣੀ ਹੈ ਜਿਸ ਦਾ ਇਤਿਹਾਸ ਵਿੱਚ ਸਦੀਆਂ ਤੋਂ ਪਹਿਲਾਂ ਕੋਈ ਨਮੂਨਾ ਨਾ ਹੋਵੇ । ਉਹ ਹੈ ਤਾਂ ਈਸਾਈ ਸੀ ਪਰ ਜੋ ਕੁਝ ਉਸ ਨੇ ਸੋਚਿਆ ਹੈ ਉਹ ਸਭ ਹਿੰਦੂ ਧਰਮ ਦੇ ਰਿਸ਼ੀਆਂ ਵਾਲਾ ਹੀ ਹੈ । ਉਸ ਨੇ ਲਿਖਿਆ ਹੈ ਕਿ ਜੇ ਮੀਂਹ ਪਿਆ ਹੋਵੇ ਤਾਂ ਚਿੱਕੜ ਵਿੱਚ ਗੰਡ ਗੰਡੋਏ ਫਿਰਦੇ ਹੋਣ ਤੇ ਨਿਕਲਣਾ ਚਾਹੁੰਦੇ ਹੋਣ ਤਾਂ ਚਿੱਕੜ 'ਚੋਂ ਇਕ ਡੱਕਾ ਲੈ ਕੇ ਗੰਡ ਗੰਡੋਏ ਕੱਢ ਦਿਓ । ਉਸ ਨੂੰ ਸੁੱਕੇ ਥਾਂ ਰੱਖ ਦਿਉ ਤਾਂ ਜੋ ਉਸ ਦੀ ਜਾਨ ਬਚ ਜਾਵੇ । ਬੰਦੇ ਦਾ ਕਦਮ ਕਦਮ ਸਾਂਸ ਸਰਵ-ਸ਼ਕਤੀਮਾਨ ਵਾਹਿਗੁਰੂ ਦੀ ਪੂਜਾ ਦੇ ਭਾਵ ਨਾਲ ਤੁਰਨਾ ਚਾਹੀਦਾ ਹੈ, ਨਹੀਂ ਤਾਂ ਸਭ ਜੂੰ ਦੇ ਜਨਮ ਹਾਰਿਆ ਹੀ ਹੋ ਜਾਂਦਾ ਹੈ । ਇਤਿਹਾਸ ਇਹੋ ਗੱਲ ਦੱਸਦਾ ਹੈ ਕਿ ਸਿੱਖ ਧਰਮ ਦੇ ਧਾਰਮਿਕ ਗ੍ਰੰਥਾਂ ਵਿੱਚ ਸ਼ਬਦ ਹੈ:

**"ਚੀਟੀ ਤੇ ਕੁੰਚਰ ਅਸਥੂਲਾ ॥ ਸਭ ਪਰ ਕਿਰਪਾ ਦ੍ਰਿਸਟਿ ਕਰ ਫੂਲਾ ॥"**

(ਚੌਪਈ ਸਾਹਿਬ)

"ਸਗਲ ਕੀ ਚਿੰਤਾ ਜਿਸੁ ਮਨ ਮਾਹਿ ॥ ਤਿਸ ਤੇ ਬਿਰਥਾ ਕੋਈ ਨਾਹਿ ॥"

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੨੮੨)

ਮੈਂ ਸੰਨ ੧੯੨੯ ਵਿੱਚ ਪੂਨੇ ਦੇ ਪ੍ਰਸਿੱਧ ਅੰਗਰੇਜ਼ੀ ਮਾਸਿਕ-ਪਰਚੇ ਵਿੱਚ ਪੜ੍ਹਿਆ ਸੀ ਕਿ ਜੰਗ ਦੀ ਨੀਂਹ ਉਸ ਦਿਨ ਰੱਖੀ ਜਾਂਦੀ ਹੈ ਜਿਸ ਦਿਨ ਕੋਈ ਅਮੀਰਜ਼ਾਦਾ ਆਪਣੀ ਬੰਦੂਕ ਨਾਲ, ਖੇਡ ਤਮਾਸ਼ੇ ਦੇ ਖ਼ਿਆਲ ਨਾਲ ਜਾਨਵਰਾਂ ਦਾ ਸ਼ਿਕਾਰ ਕਰਨ ਲੱਗਦਾ ਹੈ । ਜਾਨਵਰਾਂ ਦਾ ਬੱਚੇ ਦੇਣ ਦਾ ਇਕ ਖ਼ਾਸ ਮੌਸਮ ਹੁੰਦਾ ਹੈ । ਇਕ ਬੱਚੇ ਦੀ ਮਾਂ ਬਾਹਰ ਬੱਚਿਆਂ ਵਾਸਤੇ ਚੋਗਾ ਚੁਗਣ ਗਈ ਹੋਵੇ ਤੇ ਸ਼ਿਕਾਰੀ ਮੁੰਡਾ ਉਸ ਨੂੰ ਖੇਡ ਤਮਾਸ਼ੇ ਨਾਲ ਮਾਰ ਛੱਡਦਾ ਹੈ, ਤਾਂ ਉਸਦੇ ਬੱਚੇ ਪਿੱਛੋਂ ਭੁੱਖੇ ਮਰ ਜਾਣਗੇ । ਗੁਰੂ ਨਾਨਕ ਦੇਵ ਜੀ ਜਗਤ ਗੁਰੂ ਦੀ ਪਦਵੀ ਪ੍ਰਾਪਤ ਕਰਕੇ ਅੰਤਲੇ ਸਮੇਂ ਤਕ ਖੇਤੀ ਕਰਦੇ ਰਹੇ ਤੇ ਲੂਲ੍ਹੇ ਲੰਗੜੇ ਸਭ ਨੂੰ ਲੰਗਰ ਵਿੱਚੋਂ ਪ੍ਰਸ਼ਾਦਾ ਛਕਾਂਦੇ ਰਹੇ ।

ਗੁਰੂ ਅਰਜਨ ਦੇਵ ਜੀ ਦੇ ਤਸੱਵਰ ਦਾ ਰਾਜ ਪੈਦਾ ਹੋ ਸਕਦਾ :-

**ਹੁਣਿ ਹੁਕਮੁ ਹੋਆ ਮਿਹਰਵਾਣ ਦਾ॥**
**ਪੈ ਕੋਇ ਨ ਕਿਸੈ ਰਞਾਣਦਾ॥**
**ਸਭ ਸੁਖਾਲੀ ਵੁਠੀਆ ਇਹੁ**
**ਹੋਆ ਹਲੇਮੀ ਰਾਜੁ ਜੀਉ॥** (ਅੰ:੭੪)

ਪਰ ਜੇਕਰ ਜੀਵਨ ਦਇਆ ਨੂੰ ਸਨਮੁਖ ਰੱਖ ਕੇ ਪੈਰ ਧਰਤੀ 'ਤੇ ਧਰਿਆ ਜਾਵੇ । ਗੁਰੂ ਗ੍ਰੰਥ ਸਾਹਿਬ ਦੇ ਤੱਤ ਨੂੰ ਮੁੰਦਾਵਣੀ ਵਿੱਚ ਹੇਠ ਲਿਖੇ ਸ਼ਬਦਾਂ ਵਿੱਚ ਬਿਆਨ ਕੀਤਾ ਗਿਆ ਹੈ :

**'ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥'**

ਪਰ ਇਕ ਹੋਰ ਸ਼ਬਦ ਵਿੱਚ ਤਾਂ ਕੇਵਲ ਤਿੰਨ ਸ਼ਬਦਾਂ ਨਾਲ ਗੱਲ ਮੁਕਾ ਦਿੱਤੀ ਗਈ ਹੈ ।



**ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ ॥** (ਅੰ:੫੧)

ਧਨ ਤਰੌਦਸੀ ਤੇ ਨਰਕ ਚੌਦ੍ਹੇ, ਦੀਵਾਲੀ ਤੋਂ ਪਹਿਲਾਂ ਮਨਾਏ ਜਾਣ ਵਾਲੇ ਦੋ ਤਿਉਹਾਰ ਹਨ । ਇਹਨਾਂ ਦੇ ਨਾਲ ਹੀ ਦੀਵਾਲੀ ਦੀ ਤਿਆਰੀ ਸ਼ੁਰੂ ਹੋ ਜਾਂਦੀ ਹੈ । ਦੀਵਾਲੀ ਦੀ ਧਾਰਮਿਕ ਮਹੱਤਤਾ ਤੇ ਇਸ ਦੇ ਨਾਲ ਜੁੜੀਆਂ ਹੋਈਆਂ ਪ੍ਰੰਪਰਾਵਾਂ ਤੋਂ ਛੁੱਟ ਇਸ ਦੀ ਸਮਾਜਿਕ ਮਹੱਤਤਾ ਇਹ ਹੈ ਕਿ ਗਰਮੀ ਤੇ ਬਰਸਾਤ ਦੇ ਦਿਨਾਂ ਵਿੱਚ ਪੈਦਾ ਹੋਏ ਜੀਵ-ਜੰਤੂ, ਕੀੜੇ-ਮਕੌੜੇ ਤੇ ਜ਼ਹਿਰੀਲੀਆਂ ਹਵਾਵਾਂ ਤੋਂ ਛੁਟਕਾਰਾ ਪਾਉਣ ਲਈ ਘਰਾਂ, ਗਲੀਆਂ ਦੁਕਾਨਾਂ ਤੇ ਬਜ਼ਾਰਾਂ ਆਦਿ ਦੀ ਨਵੇਂ ਸਿਰਿਉਂ ਸਫ਼ਾਈ ਕੀਤੀ ਜਾਵੇ । ਵੈਸੇ ਤਾਂ ਦੁਨਿਆਵੀ ਕੰਮ-ਧੰਦਿਆਂ ਦੇ ਕਾਰਨ ਵੱਡੀ ਪੱਧਰ 'ਤੇ ਆਮ ਲੋਕਾਂ ਨੂੰ ਸਫ਼ਾਈ ਕਰਨ ਲਈ ਵਿਹਲ ਨਹੀਂ ਮਿਲਦੀ । ਇਸ ਲਈ ਰਿਸ਼ੀਆਂ, ਮੁਨੀਆਂ ਤੇ ਬਜ਼ੁਰਗਾਂ ਨੇ ਇਸ ਤਿਉਹਾਰ ਨੂੰ ਧਾਰਮਿਕ ਮਹੱਤਤਾ ਦੇ ਨਾਲ-ਨਾਲ ਸਿਹਤ, ਸਫ਼ਾਈ ਤੇ ਰੌਸ਼ਨੀ ਦਾ ਇਕ ਢੰਗ ਵੀ ਬਣਾ ਦਿੱਤਾ, ਅੱਜਕੱਲ੍ਹ ਜਿਸ ਤਰ੍ਹਾਂ ਸਾਲ ਛੇ ਮਹੀਨੇ ਪਿੱਛੋਂ ਇਕ ਵਾਰੀ ਸਰਕਾਰ ਜਾਂ ਨਗਰ ਨਿਗਮ ਵੱਲੋਂ ਸਫ਼ਾਈ ਪੰਦਰਵਾੜਾ ਜਾਂ ਸਫ਼ਾਈ ਹਫ਼ਤਾ ਮਨਾਇਆ ਜਾਂਦਾ ਹੈ । ਦੀਵਾਲੀ ਤੇ ਇਸ ਤੋਂ ਪਹਿਲਾਂ ਦੇ ਇਹਨਾਂ ਤਿਉਹਾਰਾਂ ਨੂੰ ਵੀ ਪੁਰਾਣੇ ਸਮੇਂ ਤੋਂ ਚਲੀ ਆ ਰਹੀ ਇਕ ਸਫ਼ਾਈ ਅੰਦੋਲਨ ਦਾ ਰੂਪ ਹੀ ਸਮਝੋ । ਤੇਲ ਜਾਂ ਘਿਉ ਦੇ ਲੱਖਾਂ ਕਰੋੜਾਂ ਦੀਵੇ ਜਗਾਣ ਤੋਂ ਪੈਦਾ ਹੋਣ ਵਾਲੀ ਸੁਗੰਧੀ, ਧੂਪ ਤੇ ਅਗਰ ਬੱਤੀਆਂ ਦੀ ਖ਼ੁਸ਼ਬੋ ਅਤੇ ਫੁੱਲਝੜੀਆਂ, ਪਟਾਕਿਆਂ ਤੋਂ ਗੰਧਕ ਪੋਟਾਸ਼ ਦੇ ਸੜਨ ਦੀ ਤੇਜ਼ ਬਦਬੂ ਜਦੋਂ ਵਾਤਾਵਰਨ ਵਿੱਚ ਫੈਲਦੀ ਹੈ ਤਾਂ ਬਰਸਾਤ ਦੇ ਮੌਸਮ ਵਿੱਚ ਉਤਪੰਨ ਹੋਣ ਵਾਲੇ ਰੋਗੀ ਕੀਟਾਣੂਆਂ ਦੀ ਸਮਾਪਤੀ ਹੋ ਜਾਂਦੀ ਹੈ । ਇਸ ਤੋਂ ਛੁੱਟ ਧਨ ਤਰੌਦਸੀ ਤੇ ਨਰਕ ਚੌਦ੍ਹੇ ਦੇ ਦੋ ਦਿਨਾਂ ਵਿੱਚ ਘਰਾਂ ਦਾ ਕੂੜਾ-ਕਰਕਟ ਸਾਫ਼ ਕਰਕੇ ਸਫ਼ੈਦੀ ਆਦਿ ਕਰਵਾਣ ਦਾ ਰਿਵਾਜ ਇਸੇ "ਸਫ਼ਾਈ ਅੰਦੋਲਨ" ਦਾ ਹੀ ਭਾਗ

ਹੈ । ਧਨ ਤਰੌਦਸੀ ਦਾ ਤਿਉਹਾਰ ਕੱਤਕ ਮਹੀਨੇ ਦੇ ਕ੍ਰਿਸ਼ਨ-ਪੱਖ ਦੀ ਤੇਰਵ੍ਹੀਂ ਨੂੰ ਮਨਾਇਆ ਜਾਂਦਾ ਹੈ । ਉਸ ਦਿਨ ਤੋਂ ਘਰਾਂ ਦਾ ਲਿਪਣਾ, ਪੁੰਝਣਾ ਸ਼ੁਰੂ ਕਰ ਦਿੱਤਾ ਜਾਂਦਾ ਹੈ । ਉਸੇ ਦਿਨ ਬਾਜ਼ਾਰਾਂ ਵਿੱਚੋਂ ਨਵੇਂ ਗਹਿਣੇ, ਕੱਪੜੇ ਤੇ ਭਾਂਡੇ ਖ਼ਰੀਦਣ ਦਾ ਰਿਵਾਜ ਵੀ ਹੈ । ਇਸੇ ਦਿਨ ਹੀ ਧਨਵੰਤਰੀ ਜੈਂਤੀ ਵੀ ਹੈ । ਕਹਿੰਦੇ ਹਨ ਕਿ ਇਸੇ ਦਿਨ ਵੇਦਕ ਗਿਆਨ ਦੇ ਪ੍ਰਵਰਤਕ ਮਹਿਰਿਸ਼ੀ ਧਨਵੰਤਰੀ ਸਮੁੰਦਰ ਵਿੱਚੋਂ ਅੰਮ੍ਰਿਤ-ਕਲਸ਼ ਲੈ ਕੇ ਪ੍ਰਗਟ ਹੋਏ ਸਨ ।

## ਸੁਆਦੀ ਕਥਾ

ਧਨ ਤਰੌਦਸੀ ਦੇ ਸੰਬੰਧ ਵਿੱਚ ਇਕ ਸੁਆਦੀ ਕਥਾ ਪ੍ਰਚੱਲਿਤ ਹੈ । ਇਕ ਵਾਰੀ ਭਗਵਾਨ ਵਿਸ਼ਨੂੰ ਲਕਸ਼ਮੀ ਜੀ ਨੂੰ ਨਾਲ ਲੈ ਕੇ ਧਰਤੀ ’ਤੇ ਫਿਰਨ ਲਈ ਨਿਕਲੇ । ਇਕ ਖ਼ਾਸ ਥਾਂ ’ਤੇ ਪੁੱਜ ਕੇ ਉਹਨਾਂ ਨੂੰ ਇਕ ਜ਼ਰੂਰੀ ਕੰਮ ਯਾਦ ਆ ਗਿਆ ਤਾਂ ਉਹਨਾਂ ਨੇ ਲਕਸ਼ਮੀ ਜੀ ਨੂੰ ਕਿਹਾ—“**ਪਿਆਰੀ ਤੁਸੀਂ ਥੋੜ੍ਹੀ ਦੇਰ ਇੱਥੇ ਹੀ ਠਹਿਰੋ, ਮੈਂ ਥੋੜ੍ਹੇ ਸਮੇਂ ਲਈ ਇਕ ਜ਼ਰੂਰੀ ਕੰਮ ਲਈ ਦੱਖਣ ਦਿਸ਼ਾ ਵੱਲ ਜਾ ਰਿਹਾ ਹਾਂ, ਮੇਰੇ ਪਿੱਛੇ ਨਾ ਆਉਣਾ**”—ਉਹਨਾਂ ਦੇ ਜਾਣ ਪਿੱਛੋਂ ਲਕਸ਼ਮੀ ਦੇ ਦਿਲ ਵਿੱਚ ਪ੍ਰਸ਼ਨ ਉੱਠਿਆ ਕਿ ਸੁਆਮੀ ਕਿੱਥੇ ਗਏ ਹਨ ? ਇਸਤਰੀ ਜਾਤੀ ਦਾ ਸੁਭਾਅ ਵੈਸੇ ਹੀ ਚੰਚਲ ਹੁੰਦਾ ਹੈ। ਫਿਰ ਦੇਵੀ ਲਕਸ਼ਮੀ ਨੂੰ ਤਾਂ ਉਂਞ ਹੀ ਚੰਚਲ ਸੁਭਾਅ ਵਾਲੀ ਮੰਨਿਆ ਗਿਆ ਹੈ । ਉਹਨਾਂ ਦਾ ਇਕ ਜਗ੍ਹਾ ਠਹਿਰਨਾ ਬਹੁਤ ਹੀ ਮੁਸ਼ਕਲ ਹੈ । ਇਸ ਲਈ, ਉਹ ਭਗਵਾਨ ਦੇ ਪਿੱਛੇ ਤੁਰ ਪਈ—ਤੇ ਜਦੋਂ ਭਗਵਾਨ ਵਿਸ਼ਨੂੰ ਦੇ ਨੇੜੇ ਪਹੁੰਚ ਗਈ ਤਾਂ ਇਸ ਡਰ ਤੋਂ ਕਿ ਉਹ ਵੇਖ ਨਾ ਲੈਣ, ਗੰਨੇ ਦੇ ਇਕ ਖੇਤ ਵਿੱਚ ਛੁਪ ਗਈ; ਪਰ ਭਗਵਾਨ ਤਾਂ ਅੰਤਰਜਾਮੀ ਸਨ, ਉਹਨਾਂ ਨੇ ਲਕਸ਼ਮੀ ਨੂੰ ਗੰਨੇ ਦੇ ਖੇਤ ਵਿੱਚੋਂ ਫੜ ਲਿਆ ਤੇ ਆਗਿਆ ਦਾ ਉਲੰਘਣ



ਕਰਨ ਤੇ ਕ੍ਰੋਧ-ਵੱਸ ਹੋ ਕੇ ਸ਼ਰਾਪ ਦੇ ਦਿੱਤਾ ਕਿ ਤੂੰ ਬਾਰ੍ਹਾਂ ਵਰ੍ਹੇ ਇਸੇ ਕਿਸਾਨ ਦੇ ਘਰ ਰਹਿ ਕੇ ਇਸ ਦੀ ਸੇਵਾ ਕਰੇਂਗੀ, ਜਿਸ ਦੇ ਖੇਤ ਵਿੱਚ ਉਹ ਛੁਪੀ ਹੋਈ ਸੀ । ਇਹ ਕਹਿ ਕੇ ਭਗਵਾਨ ਵਿਸ਼ਨੂੰ ਤਾਂ ਵਾਪਸ ਚਲੇ ਗਏ ਤਾਂ ਲਕਸ਼ਮੀ ਕਿਸਾਨ ਦੇ ਘਰ ਵਿੱਚ ਦਾਸੀ ਬਣ ਕੇ ਰਹਿਣ ਲੱਗੀ । ਲਕਸ਼ਮੀ ਦੇ ਘਰ ਵਿੱਚ ਰਹਿਣ ਕਰਕੇ ਉਹ ਕੰਗਾਲ ਕਿਸਾਨ ਵੇਖਦਿਆਂ ਹੀ ਵੇਖਦਿਆਂ ਅਮੀਰ ਹੋ ਗਿਆ । ੧੨ ਵਰ੍ਹਿਆਂ ਪਿੱਛੋਂ ਜਦੋਂ ਭਗਵਾਨ ਵਿਸ਼ਨੂੰ ਆਪਣੀ ਪਤਨੀ ਨੂੰ ਲੈਣ ਆਏ ਤਾਂ ਜੱਟ ਨੇ ਨਾਲ ਭੇਜਣ ਤੋਂ ਨਾਂਹ ਕਰ ਦਿੱਤੀ । ਬਹੁਤ ਸਮਝਾਣ ’ਤੇ ਵੀ ਉਹ ਜਦੋਂ ਨਾ ਮੰਨਿਆਂ ਤਾਂ ਭਗਵਾਨ ਨੇ ਕਿਹਾ ਮੈਂ ਤੈਨੂੰ ਕੌਡੀਆਂ ਦਿੰਦਾ ਹਾਂ ਤੂੰ ਇਹਨਾਂ ਨੂੰ ਗੰਗਾ ਜੀ ਵਿੱਚ ਪਾ ਆ, ਉਨਾ ਚਿਰ ਤਕ ਮੈਂ ਆਪਣੀ ਪਤਨੀ ਸਮੇਤ ਤੇਰੇ ਘਰ ਵਿੱਚ ਰਹਿੰਦਾ ਹਾਂ । ਜੱਟ ਨੇ ਅਜਿਹਾ ਹੀ ਕੀਤਾ, ਪ੍ਰਵਾਰ ਸਮੇਤ ਗੰਗਾ ਜੀ ਵਿੱਚ ਜਾ ਕੇ ਇਸ਼ਨਾਨ ਕੀਤਾ । ਜਦੋਂ ਭਗਵਾਨ ਵਿਸ਼ਨੂੰ ਦੀਆਂ ਦਿੱਤੀਆਂ ਕੌਡੀਆਂ ਗੰਗਾ ਵਿੱਚ ਪਾਣ ਲੱਗਾ ਤਾਂ ਉਹ ਕੌਡੀਆਂ ਲੈਣ ਲਈ ਗੰਗਾ ਨੇ ਚਾਰ ਹੱਥ ਬਾਹਰ ਕੱਢੇ । ਜੱਟ ਨੇ ਹੈਰਾਨ ਹੋ ਕੇ ਪੁੱਛਿਆ ਜਲ ਦੇ ਅੰਦਰ ਕੌਣ ਹੈ ਤੇ ਇਹ ਹੱਥ ਕਿਸ ਦੇ ਹਨ? ਆਵਾਜ਼ ਆਈ “**ਐ ਕਿਸਾਨ! ਇਹ ਹੱਥ ਮੇਰੇ ਹਨ, ਮੈਂ ਗੰਗਾ ਹਾਂ, ਇਹ ਕੌਡੀਆਂ ਮੇਰੇ ਲਈ ਭਗਵਾਨ ਵਿਸ਼ਨੂੰ ਨੇ ਪ੍ਰਸ਼ਾਦ ਦੇ ਤੌਰ ’ਤੇ ਭੇਜੀਆਂ ਹਨ । ਤੇਰੇ ਘਰ ਵਿੱਚ ਜਿਹੜੀ ਦਾਸੀ ਹੈ ਉਹ ਵਿਸ਼ਨੂੰ ਜੀ ਦੀ ਪਤਨੀ ਲਕਸ਼ਮੀ ਹੈ। ਉਹ ਬਹੁਤਾ ਸਮਾਂ ਕਿਸੇ ਥਾਂ ਠਹਿਰ ਨਹੀਂ ਸਕਦੀ, ਤੇਰੀ ਕਿਸਮਤ ਚੰਗੀ ਹੈ ਤੇ ਵਿਸ਼ਨੂੰ ਜੀ ਦੇ ਸ਼ਰਾਪ ਕਰਕੇ ਉਹ ਬਾਰ੍ਹਾਂ ਵਰ੍ਹੇ ਤਕ ਤੇਰੇ ਘਰ ਵਿੱਚ ਰਹੀ ਹੈ । ਹੁਣ ਤਾਂ ਉਸਦਾ ਉੱਥੋਂ ਜਾਣਾ ਜ਼ਰੂਰੀ ਹੈ, ਤੂੰ ਛੇਤੀ ਜਾਹ ਤੇ ਉਹਨਾਂ ਨੂੰ ਜਾ ਕੇ ਘਰੋਂ ਵਿਦਾ ਕਰ, ਨਹੀਂ ਤਾਂ ਸੰਸਾਰ ਦਾ ਸਾਰਾ ਕੰਮ-ਕਾਰ ਰੁਕ ਜਾਵੇਗਾ ।**” ਗੰਗਾ ਜੀ ਦੀ ਇਹ ਗੱਲ ਸੁਣ ਕੇ ਜੱਟ

ਦੌੜਿਆ-ਦੌੜਿਆ ਘਰ ਪਹੁੰਚਿਆ ਤੇ ਭਗਵਾਨ ਵਿਸ਼ਨੂੰ ਤੇ ਲਕਸ਼ਮੀ ਜੀ ਦੇ ਚਰਨਾਂ ਵਿੱਚ ਡਿੱਗ ਕੇ ਖਿਮਾਂ ਮੰਗਣ ਲੱਗਾ ਕਿ ਮੈਂ ਤਾਂ ਲਕਸ਼ਮੀ ਜੀ ਨੂੰ ਦਾਸੀ ਸਮਝ ਕੇ ਇਸ ਤੋਂ ਘਰ ਦਾ ਕੰਮ ਕਾਜ ਕਰਾਇਆ । ਭਗਵਾਨ ਨੇ ਕਿਹਾ ਇਹ ਤੇਰਾ ਕਸੂਰ ਨਹੀਂ ਮੇਰੇ ਸ਼ਰਾਪ ਦਾ ਫਲ ਸੀ । ਹੁਣ ਸ਼ਰਾਪ ਦਾ ਸਮਾਂ ਮੁੱਕ ਗਿਆ ਹੈ । ਇਸ ਲਈ ਅਸੀਂ ਚੱਲਦੇ ਹਾਂ । ਜਦੋਂ ਉਹ ਚੱਲਣ ਲੱਗੇ ਤਾਂ ਜੱਟ ਲਕਸ਼ਮੀ ਜੀ ਦੇ ਚਰਨਾਂ ਨਾਲ ਚਿੰਬੜ ਕੇ ਰੋਣ ਲੱਗਾ ਅਤੇ ਕਿਹਾ "ਦੇਵੀ ਤੁਹਾਡੇ ਕਾਰਨ ਹੀ ਮੈਂ ਇੰਨਾ ਧਨਵਾਨ ਹੋ ਗਿਆ ਸਾਂ, ਤੁਸੀਂ ਚਲੇ ਜਾਉਗੇ ਤਾਂ ਮੈਂ ਫਿਰ ਕੰਗਾਲ ਦਾ ਕੰਗਾਲ ਹੋ ਜਾਵਾਂਗਾ ।" ਉਸ ਦੀ ਇਹ ਹਾਲਤ ਵੇਖ ਕੇ ਲਕਸ਼ਮੀ ਜੀ ਨੂੰ ਤਰਸ ਆਇਆ ਤੇ ਉਹਨਾਂ ਨੇ ਕਿਹਾ, "ਮੈਂ ਤੈਨੂੰ ਇਕ ਉਪਾਅ ਦੱਸਦੀ ਹਾਂ । ਕੁਝ ਹੀ ਦਿਨਾਂ ਪਿੱਛੋਂ ਕੱਤਕ ਦੀ ਕ੍ਰਿਸ਼ਨ ਤਰੌਦਸੀ ਆਉਣ ਵਾਲੀ ਹੈ, ਉਸ ਦਿਨ ਚੰਗੀ ਤਰ੍ਹਾਂ ਘਰ ਸਾਫ਼ ਕਰਕੇ ਨਵੀਆਂ ਵਸਤਾਂ ਬਜ਼ਾਰੋਂ ਖ਼ਰੀਦ ਲਿਆਵੀਂ ਤੇ ਰਾਤ ਨੂੰ ਮੇਰੀ ਪੂਜਾ ਕਰੀਂ ਤਾਂ ਮੈਂ ਆਵਾਂਗੀ, ਭਾਵੇਂ ਤੈਨੂੰ ਦਿਸਾਂਗੀ ਨਹੀਂ, ਪਰ ਦੀਵਾਲੀ ਤਕ ਤਿੰਨ ਦਿਨ ਤੇਰੇ ਘਰ ਹੀ ਰਹਾਂਗੀ । ਤੈਨੂੰ ਐਨਾ ਧਨ ਦੇ ਜਾਵਾਂਗੀ ਜੋ ਸਾਲ ਭਰ ਖ਼ਤਮ ਨਹੀਂ ਹੋਵੇਗਾ । ਅਗਲੇ ਸਾਲ ਇਹਨਾਂ ਦਿਨਾਂ ਵਿੱਚ ਫਿਰ ਇਸੇ ਤਰ੍ਹਾਂ ਕਰੀਂ ।" ਇਹ ਕਹਿ ਕੇ ਲਕਸ਼ਮੀ ਜੀ ਤੇ ਭਗਵਾਨ ਵਿਸ਼ਨੂੰ ਅੰਤਰ ਧਿਆਨ ਹੋ ਗਏ । ਲਕਸ਼ਮੀ ਜੀ ਦੇ ਕਥਨ ਅਨੁਸਾਰ ਤਰੌਦਸੀ ਵਾਲੇ ਦਿਨ ਜੱਟ ਨੇ ਸਭ ਕੁਝ ਕੀਤਾ ਤੇ ਬੜਾ ਧਨਵਾਨ ਹੋ ਗਿਆ । ਉਸ ਦੀ ਨਕਲ ਕਰਕੇ ਹੋਰ ਗ੍ਰਿਹਸਤੀ ਲੋਕ ਵੀ ਇਹ ਤਿਉਹਾਰ ਮਨਾਉਣ ਲੱਗੇ ਤੇ ਅੱਜ ਤਕ ਮਨਾਉਂਦੇ ਆ ਰਹੇ ਹਨ ।

ਇਸ ਤੋਂ ਅਗਲੇ ਦਿਨ ਭਾਵ ਦੀਵਾਲੀ ਤੋਂ ਇਕ ਦਿਨ ਪਹਿਲਾਂ ਨਰਕ ਚੌਦ੍ਹੇ ਹੁੰਦੀ ਹੈ । ਕਹਿੰਦੇ ਹਨ ਇਸ ਦਿਨ ਭਗਵਾਨ ਕ੍ਰਿਸ਼ਨ ਨੇ



ਨਰਕਾਸਰ ਨਾਮੀ ਰਾਕਸ਼ ਨੂੰ ਮਾਰਿਆ ਸੀ । ਇਸੇ ਨਰਕ ਨਾਂ ਦੇ ਪ੍ਰਤੀਕ ਘਰ ਦੇ ਕੂੜੇ ਨੂੰ ਬਾਹਰ ਕੱਢ ਕੇ ਰਾਤ ਵੇਲੇ ਕੂੜੇ ਦੇ ਢੇਰ 'ਤੇ ਇਕ ਦੀਵਾ ਜਗਾ ਕੇ ਉਸ ਦੀ ਸਮਾਪਤੀ ਦੀ ਯਾਦ ਮਨਾਈ ਜਾਂਦੀ ਹੈ । ਇਕ ਤਰ੍ਹਾਂ ਨਾਲ ਇਸ ਗੱਲ ਦੀ ਤਸੱਲੀ ਕਰ ਲਈ ਜਾਂਦੀ ਹੈ ਕਿ ਅੱਜ ਅਸਾਂ ਘਰ ਦਾ ਸਾਰਾ ਨਰਕ ਕੱਢ ਕੇ ਉਸ ਦਾ ਖ਼ਾਤਮਾ ਕਰ ਦਿੱਤਾ ਹੈ ਤੇ ਦੀਵਾਲੀ ਦਾ ਪਵਿੱਤਰ ਤਿਉਹਾਰ ਮਨਾਉਣ ਲਈ ਤਿਆਰ ਹੋ ਗਏ ਹਾਂ ।

ਨਰਕ ਚੌਦ੍ਹੇ ਦੇ ਦਿਨ ਨਰਕਾਸਰ ਦੈਂਤ ਉੱਤੇ ਭਗਵਾਨ ਕ੍ਰਿਸ਼ਨ ਦੀ ਜਿੱਤ ਦੀ ਯਾਦ ਮਨਾਉਂਦੇ ਹੋਏ ਰਾਧਾ ਕ੍ਰਿਸ਼ਨ ਦਾ, ਫੁੱਲਾਂ ਦੇ ਹਾਰ ਚੜ੍ਹਾ ਕੇ ਹੇਠ ਲਿਖੇ ਮੰਤਰ ਨਾਲ ਪੂਜਾ ਕਰਨ ਦਾ ਰਿਵਾਜ ਹੈ ।

वसुदेव सुतं नरकासुर मर्दनम्
देवकी परमानंद कृष्ण वंदेजगदगुरम्

ਮਾਤਾ ਰਾਮੇਸ਼ਵਰੀ ਨਹਿਰੂ ਭਾਰਤ ਦੀ ਇਕ ਬਹੁਤ ਪ੍ਰਸਿੱਧ ਤੇ ਉੱਚ ਕੋਟੀ ਦੀ ਇਸਤਰੀ ਆਗੂ ਹੋਈ ਹੈ । ਉਹ ਬਹੁਤ ਧਾਰਮਿਕ ਵਿਚਾਰਾਂ ਵਾਲੀ ਇਸਤਰੀ ਸੀ । ਸੁਤੰਤਰਤਾ ਦੀ ਸ਼ਾਂਤਮਈ ਜੰਗ ਵਿੱਚ ਉਹ ਮਹਾਤਮਾ ਗਾਂਧੀ ਜੀ ਦੇ ਬਹੁਤ ਨਿਕਟ ਰਹੇ ਸਨ । ਉਹ ਬਹੁਤ ਸਾਲ ਇਕ ਹਿੰਦੀ ਮਾਸਿਕ-ਪੱਤਰ (ਜੋ ਇਸਤਰੀਆਂ ਲਈ ਸੀ) ਦੀ ਐਡੀਟਰ ਰਹੀ ਸੀ । ਉਹ ਭਾਰਤ ਵੱਲੋਂ ਦੂਜੇ ਦੇਸ਼ਾਂ ਜਿਵੇਂ ਇੰਗਲੈਂਡ ਵਿੱਚ ਹੋਣ ਵਾਲੀਆਂ ਇਕੱਤਰਤਾਵਾਂ ਵਿੱਚ ਭਾਰਤ ਦੀ ਪ੍ਰਤੀਨਿਧ ਹੁੰਦੀ ਰਹੀ । ਉਹ ਅੰਗਰੇਜ਼ੀ ਦੀ ਬਹੁਤ ਵਿਦਵਾਨ ਸੀ, ਪਰ ਉਸ ਦਾ ਬਾਣਾ ਭਾਰਤ ਦੇ ਸਾਧਾਰਣ ਘਰਾਂ ਵਾਲਾ ਹੁੰਦਾ ਸੀ । ਉਹ ਹਰ ਰੋਜ਼ ਪਾਠ ਪੂਜਾ ਕਰਕੇ ਹੋਰ ਕੰਮ ਕਰਦੇ ਸਨ । ਪੂਜਾ ਦਾ ਤਿਲਕ ਮੱਥੇ ਨੂੰ ਪ੍ਰਤੀ-ਦਿਨ ਲਾਉਂਦੇ ਸਨ । ਉਹ ਰਾਜਾ ਨਰਿੰਦਰ ਨਾਥ ਕਸ਼ਮੀਰੀ ਬ੍ਰਾਹਮਣ ਦੀ ਧੀ ਸੀ । ਰਾਜਾ ਨਰਿੰਦਰ ਨਾਥ **I.C.S** ਸਨ ਤੇ ਡਿਪਟੀ ਕਮਿਸ਼ਨਰ ਰਹੇ ਸਨ । ਕਮਿਸ਼ਨਰ ਦੀ ਇਕ ਜਗ੍ਹਾ ਖ਼ਾਲੀ ਹੋਈ ਸੀ, ਹੱਕ ਰਾਜਾ

ਸਾਹਿਬ ਦਾ ਸੀ ਪਰ ਅੰਗਰੇਜ਼ੀ ਹਕੂਮਤ ਨੇ ਰਾਜਾ ਸਾਹਿਬ ਨੂੰ ਉਹ ਜਗ੍ਹਾ ਨਾ ਦਿੱਤੀ, ਕਿਉਂਕਿ ਉਹ ਹਿੰਦੁਸਤਾਨੀ ਸਨ; ਬਲਕਿ ਇਕ ਅੰਗਰੇਜ਼ ਨੂੰ ਦੇ ਦਿੱਤੀ । ਰਾਜਾ ਸਾਹਿਬ ਨੇ ਇਸੇ ਬੇਇਨਸਾਫ਼ੀ ਤੇ ਰੋਸ ਵਜੋਂ ਆਪਣੀ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ । ਰਾਜਾ ਨਰਿੰਦਰ ਨਾਥ ਦੇ ਬਜ਼ੁਰਗ ਦੀਵਾਨ ਅਯੁੱਧਿਆ ਦਾਸ ਮਹਾਰਾਜਾ ਰਣਜੀਤ ਸਿੰਘ ਦੀ ਇਕ ਫ਼ੌਜ ਦੇ ਜਰਨੈਲ ਸਨ । ਉਸ ਫ਼ੌਜ ਦਾ ਨਾਂ ਫ਼ੌਜੇ ਖ਼ਾਸ ਸੀ । ਰਾਜਾ ਸਾਹਿਬ ਦਾ ਪੁੱਤਰ ਇਕੋ ਸੀ ਤੇ ਧੀਆਂ ਸ਼ਾਇਦ ਤਿੰਨ ਸਨ । ਪੁੱਤਰ ਦਾ ਨਾਂ ਦੀਵਾਨ ਅਨੰਦ ਕੁਮਾਰ ਸੀ ਜਿਹੜਾ ਬੈਰਸਿਟਰੀ ਪਾਸ ਸੀ । ਬੈਰਸਿਟਰੀ ਇੰਗਲੈਂਡ ਵਿੱਚ ਪਾਸ ਕਰਨੀ ਪੈਂਦੀ ਸੀ । ਪਰ ਦੀਵਾਨ ਅਨੰਦ ਕੁਮਾਰ ਨੇ ਵਕਾਲਤ ਦੇ ਕਿੱਤੇ ਨੂੰ ਪਸੰਦ ਨਾ ਕੀਤਾ ਬਲਕਿ ਪੰਜਾਬ ਯੂਨੀਵਰਸਿਟੀ ਲਾਹੌਰ ਵਿੱਚ **Zoology** (ਜੀਵ-ਵਿੱਦਿਆ) ਦੇ ਪ੍ਰੋਫ਼ੈਸਰ ਬਣ ਗਏ ।

ਰਾਜਾ ਨਰੇਂਦਰ ਨਾਥ ਦੇ ਖ਼ਾਨਦਾਨ ਨੂੰ ਮਹਾਰਾਜਾ ਰਣਜੀਤ ਸਿੰਘ ਤੋਂ ਦੋ ਪਿੰਡ ਮਿਲੇ ਹੋਏ ਸਨ, ਸ਼ਾਇਦ ਜਾਗੀਰ ਵੀ ਹੋਵੇਗੀ । ਦੀਵਾਨ ਆਨੰਦ ਕੁਮਾਰ ਨਾਲ ਮੇਰੀ ਵਾਕਫ਼ੀਅਤ ਇਕ ਥਾਂ ’ਤੇ ਕੁਦਰਤੀ ਤੌਰ ’ਤੇ ਹੋ ਗਈ ਸੀ । ਮਾਂ ਬਾਪ ਦਾ ਇਕੱਲਾ ਪੁੱਤਰ ਪਿਆਰ ਨਾਲ ਪਾਲਿਆ ਹੋਇਆ ਉਹ ਪਿਆਰ ਦਾ ਭੁੱਖਾ ਸੀ । ਮੇਰੀ ਉਸ ਦੇ ਨਾਲ ਕ੍ਰਿਸ਼ਨ ਸੁਦਾਮੇ ਵਾਲੀ ਦੋਸਤੀ ਪੈ ਗਈ । ਰਾਜਾ ਨਰੇਂਦਰ ਨਾਥ ਦੇ ਖ਼ਾਨਦਾਨ ਦਾ ਬਹੁਤ ਨੇੜੇ ਦਾ ਸੰਬੰਧ ਪੰਡਿਤ ਜਵਾਹਰ ਲਾਲ ਦੇ ਪਰਿਵਾਰ ਨਾਲ ਬਰਾਦਰੀ ਤੇ ਰਿਸ਼ਤੇਦਾਰੀ ਦਾ ਸੀ । ਪੰਡਿਤ ਜਵਾਹਰ ਲਾਲ ਦੀ ਪਤਨੀ ਸ੍ਰੀਮਤੀ ਕਮਲਾ ਦੇਵੀ ਬਹੁਤ ਥੋੜ੍ਹੀ ਉਮਰ ਭੋਗ ਕੇ ਪ੍ਰਲੋਕ ਸੁਧਾਰ ਗਈ ਸੀ । ਇੰਦਰਾ ਦਾ ਤਾਂ ਪਤਾ ਨਹੀਂ, ਪੰਜਾਂ ਸੱਤਾਂ ਸਾਲਾਂ ਦੀ ਹੀ ਹੋਵੇਗੀ । ਪਤਾ ਨਹੀਂ ਮਾਂ ਵਾਲਾ ਪਿਆਰ ਇੰਦਰਾ ਨੇ ਮਾਤਾ ਰਾਮੇਸ਼ਵਰੀ ਤੋਂ ਹੀ ਲਿਆ ਹੋਵੇ । ਜਦੋਂ



ਦੇਸ਼ ਦੀ ਵੰਡ ਸੰਨ ੧੯੪੭ ਵਿੱਚ ਹੋਈ ਤਾਂ ਪੰਡਿਤ ਜਵਾਹਰ ਲਾਲ ਨੇ ਮਾਤਾ ਰਾਮੇਸ਼ਵਰੀ ਨਹਿਰੂ ਨੂੰ ਸਾਰੇ ਹਿੰਦੁਸਤਾਨ ਦਾ ਇਸਤਰੀਆਂ ਦੀ ਰੱਖਿਆ ਦਾ ਵੱਡਾ ਅਹਿਲਕਾਰ ਬਣਾਇਆ ਸੀ । ਬੀ.ਕੇ. ਨਹਿਰੂ ਜਿਹੜਾ ਇੰਗਲੈਂਡ ਵਿੱਚ ਭਾਰਤ ਦਾ ਰਾਜਦੂਤ ਰਿਹਾ ਹੈ ਉਹ ਮਾਤਾ ਰਾਮੇਸ਼ਵਰੀ ਦਾ ਪੁੱਤਰ ਹੈ । ਮਹੀਨਾ ਨਵੰਬਰ ਸੰਨ ੧੯੮੦ ਵਿੱਚ ਖ਼ਬਰਾਂ ਛਪੀਆਂ ਹਨ ਕਿ ਬੀ.ਕੇ. ਨਹਿਰੂ ਇੰਦਰਾ ਗਾਂਧੀ ਵੱਲੋਂ ਅਮਰੀਕਾ ਦੇ ਨਵੇਂ ਰਾਸ਼ਟਰਪਤੀ ਨਾਲ ਗੱਲਬਾਤ ਕਰਨ ਜਾ ਰਹੇ ਹਨ । ਮਾਤਾ ਰਾਮੇਸ਼ਵਰੀ ਨੂੰ ਹਰੀਜਨਾਂ ਦੇ ਉਧਾਰ ਦਾ ਸਭ ਤੋਂ ਵੱਧ ਆਹਰ ਰਿਹਾ ਸੀ ਤੇ ਉਹ ਦਿੱਲੀ ਵਿੱਚ ਕਿੰਗਜਵੇ ਇਲਾਕੇ ਵਿੱਚ ਬਣੀ ਹੋਈ ਹਰੀਜਨ ਕਾਲੋਨੀ ਦੀ ਇਕ ਛੋਟੀ ਜਿਹੀ ਕੋਠੀ ਵਿੱਚ ਰਹਿੰਦੇ ਸਨ । ਮਾਤਾ ਰਾਮੇਸ਼ਵਰੀ ਇੰਦਰਾ ਗਾਂਧੀ ਨੂੰ ਇੰਦੂ ਕਹਿ ਕੇ ਬੁਲਾਉਂਦੇ ਸਨ । ਮੈਂ ਮਾਤਾ ਜੀ ਦੀ ਕੋਠੀ ਵਿੱਚ ਕੁਝ ਦਿਨ ਠਹਿਰਿਆ ਸਾਂ । ਇਕ ਦਿਨ ਮਾਤਾ ਜੀ ਨੇ ਇੰਦਰਾ ਗਾਂਧੀ ਨਾਲ ਟੈਲੀਫ਼ੋਨ ’ਤੇ ਗੱਲ ਕੀਤੀ ਤੇ ਇੰਦੂ ਕਹਿ ਕੇ ਬੁਲਾਇਆ । ਉਸ ਦਾ ਰਿਸ਼ਤੇਦਾਰੀ ਦਾ ਬਹੁਤ ਨੇੜੇ ਦਾ ਘਰ ਵਾਲਾ ਸੰਬੰਧ ਸੀ । ਮੇਰੇ ਕੋਠੀ ਵਿੱਚ ਰਹਿੰਦਿਆਂ ਦੀਵਾਲੀ ਦਾ ਦਿਨ ਆ ਗਿਆ । ਸ਼ਾਮ ਵੇਲੇ ਮੈਨੂੰ ਮਾਤਾ ਰਾਮੇਸ਼ਵਰੀ ਨੇ ਕਿਹਾ ਭਗਤ ਜੀ ਮੈਂ ਦੀਵਾਲੀ ਦਾ ਪੂਜਨ ਕਰਨਾ ਹੈ, ਮੈਨੂੰ ਦੋ ਘੰਟੇ ਨਾ ਬੁਲਾਉਣਾ ।

-ਭਗਤ ਪੂਰਨ ਸਿੰਘ

# ਇਕ ਨਵਾਂ ਸਮਾਜਿਕ ਸੰਕਲਪ ਉਲੀਕ ਕੇ ਮਨਾਈਏ ਦੀਵਾਲੀ

—ਲੋਕਨਾਥ ਸ਼ਰਮਾ

ਹਰ ਵਰ੍ਹੇ ਦੀਵਾਲੀ ਸਾਂਝੀਵਾਲਤਾ ਦਾ ਪੈਗ਼ਾਮ ਲੈ ਕੇ ਆਉਂਦੀ ਹੈ । ਸਦੀਆਂ ਤੋਂ ਮਨਾਏ ਜਾ ਰਹੇ ਇਸ ਤਿਉਹਾਰ ਨਾਲ ਅਨੇਕਾਂ ਪ੍ਰੰਪਰਾਵਾਂ ਤੇ ਵਿਸ਼ਵਾਸ ਜੁੜੇ ਹੋਏ ਹਨ । ਦਰਅਸਲ ਇਹ ਤਿਉਹਾਰ ਰੰਗਾਂ ਰੋਸ਼ਨੀਆਂ, ਆਵਾਜ਼ਾਂ, ਖੁਸ਼ੀਆਂ, ਮੁਹੱਬਤਾਂ, ਮੌਸਮੀ ਤਬਦੀਲੀ, ਸਵੱਛਤਾ ਅਤੇ ਆਪਸੀ ਭਾਈਚਾਰੇ ਦਾ ਪ੍ਰਤੀਕ ਹੈ । ਤਿਉਹਾਰਾਂ ਦੀ ਇਹ ਰਾਣੀ ਝੂਠ ਉੱਤੇ ਸੱਚ, ਅਧਰਮ ਉੱਤੇ ਧਰਮ, ਅਨਿਆਂ ਉੱਤੇ ਨਿਆਂ, ਹਨੇਰੇ ਉੱਤੇ ਚਾਨਣ ਦਾ ਹੋਕਾ ਦਿੰਦੀ ਹੈ। ਲਕਸ਼ਮੀ ਪੂਜਾ ਤੇ ਦੀਵਿਆਂ ਦੀਆਂ ਕਤਾਰਾਂ ਇਸ ਦਿਨ ਦਾ ਮੁੱਖ ਆਕਰਸ਼ਣ ਹੁੰਦੀਆਂ ਹਨ ।

ਗ਼ਰੀਬੀ ਦੀ ਰੇਖਾ ਤੋਂ ਹੇਠਾਂ ਰਹਿੰਦੇ ਕਰੋੜਾਂ ਭਾਰਤੀ—ਕੁੱਲੀ, ਗੁੱਲੀ ਤੇ ਜੁੱਲੀ ਤੋਂ ਬੇਜ਼ਾਰ ਹਨ । ਸੜਕ 'ਤੇ ਰੁਲਦੇ ਗ਼ੁਰਬਤ ਦੇ ਮਾਰੇ ਅਨੇਕਾਂ ਲੋਕਾਂ ਨੂੰ ਦੀਵਾਲੀ ਦੇ ਅਰਥ ਸਮਝ ਨਹੀਂ ਆਉਂਦੇ । ਅਮੀਰਜ਼ਾਦਿਆਂ ਦੀ ਨਿੱਤ ਦੀਵਾਲੀ ਹੈ । ਜਿਸ ਢੰਗ ਨਾਲ ਦੀਵਾਲੀ ਮਨਾਈ ਜਾਂਦੀ ਹੈ, ਉਸਨੂੰ ਸਮੁੱਚੇ ਸੰਦਰਭ ਵਿੱਚ ਵਾਚਦਿਆਂ ਅਨੇਕਾਂ ਸਵਾਲੀਆ ਚਿੰਨ੍ਹ ਖੜ੍ਹੇ ਹੁੰਦੇ ਹਨ । ਕੀ ਇਸ ਪਵਿੱਤਰ ਤਿਉਹਾਰ ਦੀ ਪਵਿੱਤਰਤਾ ਕਾਇਮ ਰੱਖੀ ਜਾਂਦੀ ਹੈ ? ਕੀ ਅਸੀਂ ਰੂੜੀਵਾਦੀ ਵਿਚਾਰਾਂ ਤੋਂ ਮੁਕਤ ਹੋ ਗਏ ਹਾਂ ? ਕੀ ਸਾਰੇ ਵਰਗਾਂ ਦੇ ਲੋਕ ਆਰਥਿਕ ਪੱਖੋਂ ਸਮਾਨ ਰੂਪ ਵਿੱਚ ਚਾਈਂ-ਚਾਈਂ ਸ਼ਰੀਕ ਹੋ ਸਕੇ ਹਨ ? ਕੀ ਦੀਵਾਲੀ ਮਨਾਉਣ ਦਾ ਢੰਗ ਦਰੁੱਸਤ ਹੈ ?



ਉੱਤਰ ਨਿਰਾਸ਼ਾਜਨਕ ਹੈ । ਅਸੀਂ ਅਨਪੜ੍ਹਤਾ, ਕੌੜੀ ਸੌੜੀ ਸੋਚ ਤੋਂ ਉੱਪਰ ਨਹੀਂ ਉੱਠ ਸਕੇ । ਸਾਨੂੰ ਸਾਰੇ ਆਪਣੇ ਨਹੀਂ ਲੱਗਦੇ । ਮਨੁੱਖ-ਮਨੁੱਖ ਵਿਚਲਾ ਪਾੜਾ ਨਹੀਂ ਘਟਿਆ । ਸਾਡਾ ਲਹੂ ਸਫ਼ੈਦ ਹੁੰਦਾ ਜਾ ਰਿਹਾ ਹੈ । ਈਰਖਾ, ਸਾੜਾ, ਵੈਰ-ਵਿਰੋਧ, ਸੰਕੀਰਣਤਾ, ਬੇਈਮਾਨੀ, ਭਾਈ ਭਤੀਜਾਵਾਦ, ਖੇਤਰਵਾਦ, ਭਾਸ਼ਾਵਾਦ, ਜਾਤੀਵਾਦ, ਸ਼੍ਰੇਣੀਵਾਦ ਅਤੇ ਭ੍ਰਿਸ਼ਟਾਚਾਰ ਦਾ ਸਾਡੇ ਜੀਵਨ ਵਿੱਚ ਬੇਹੱਦ ਦਖ਼ਲ ਹੈ ।

ਸਾਡੀ ਸੋਚ ਵਿੱਚ ਉਜਾਲੇ ਨਹੀਂ ਆਏ, ਸਾਡੇ ਮਨਾਂ ਵਿੱਚ ਗਿਆਨ ਦੇ ਦੀਵੇ ਨਹੀਂ ਬਲੇ । ਬਾਹਰੀ ਦੀਵੇ, ਰੌਸ਼ਨੀ ਤੇ ਉਜਾਲੇ ਕਰਨ ਨਾਲ ਮਨ-ਮਸਤਕ ਦਾ ਅੰਧੇਰਾ ਦੂਰ ਨਹੀਂ ਹੋਣਾ । ਸਦੀਆਂ ਤੋਂ ਖੁਦ ਰੌਸ਼ਨੀ ਵਿੱਚ ਬੈਠੇ ਲੋਕਾਂ ਨੇ ਹਨੇਰੇ ਵਿੱਚ ਬੈਠੇ ਲਾਚਾਰ ਲੋਕਾਂ ਦੀ ਸਾਰ ਨਹੀਂ ਪੁੱਛੀ । ਯਕੀਨਨ ਅਜਿਹੀ ਵਿਵਸਥਾ ਵਿੱਚ ਸਾਡੀ ਖ਼ੁਸ਼ੀ ਵੀ ਲੰਗੜੀ ਤੇ ਊਣੀ ਹੈ । ਹਾਲਾਤ ਇਸ ਕਦਰ ਵਿਸਫੋਟਕ ਹਨ, ਅਸੀਂ ਕਰੋੜਾਂ ਰੁਪਏ ਦਾ ਬਰੂਦ ਫੂਕ ਕੇ ਵਾਤਾਵਰਣ ਦੂਸ਼ਿਤ ਕਰਨ ਵਿੱਚ ਗਲਤਾਨ ਹਾਂ । ਬਹੁਤ ਮੱਠੀ ਤੋਰ ਨਾਲ ਆਤਿਸ਼ਬਾਜ਼ੀ ਤਿਆਰ ਕਰਨ ਵਾਲੇ ਬੱਚਿਆਂ ਦਾ ਵਿਕਲਾਂਗੀਕਰਨ ਹੋ ਰਿਹਾ ਹੈ । ਪਟਾਕਿਆਂ ਦੀ ਠੂਹ-ਠਾਹ, ਬਾਰੂਦ ਦਾ ਧੂੰਆਂ, ਸ਼ੋਰ ਸ਼ਰਾਬੇ ਵਿੱਚ ਅਣਲੋੜੀਂਦਾ ਵਾਧਾ ਕਰ ਰਿਹਾ ਹੈ । ਦੀਵਾਲੀ ਦੀਵਿਆਂ ਦਾ ਤਿਉਹਾਰ ਹੈ, ਆਤਿਸ਼ਬਾਜ਼ੀ ਦਾ ਨਹੀਂ । ਪ੍ਰਦੂਸ਼ਿਤ ਵਾਤਾਵਰਣ ਪਹਿਲਾਂ ਹੀ ਅਣਗਿਣਤ ਬਿਮਾਰੀਆਂ ਨੂੰ ਜਨਮ ਦੇ ਚੁੱਕਾ ਹੈ । ਬੱਚੇ ਬੇਧਿਆਨੀ ਵਿੱਚ ਆਪਣੇ ਅੰਗ ਭੰਗ ਕਰ ਬੈਠਦੇ ਹਨ । ਗ਼ੁਰਬਤ ਦੇ ਮਾਰੇ, ਅਮੀਰਾਂ ਦੀ ਰੀਸ ਵਿੱਚ ਦੀਵਾਲੀ ਵਾਲੇ ਦਿਨ ਆਪਣਾ ਦਿਵਾਲਾ ਕੱਢ ਲੈਂਦੇ ਹਨ । ਜਿੱਥੇ ਕਰੋੜਾਂ ਲੋਕ ਘੋਰ ਗ਼ਰੀਬੀ, ਅਨਪੜ੍ਹਤਾ ਅਤੇ ਅਗਿਆਨਤਾ ਦਾ ਸ਼ਿਕਾਰ ਹੋਣ ਉੱਥੇ ਕਰੋੜਾਂ ਰੁਪਏ ਅੱਗ ਦੀ ਭੇਟ ਕਰਨਾ ਅਕਲਮੰਦੀ ਨਹੀਂ ਹੈ ।

ਨੰਗੇ ਪੈਰੀਂ ਢੇਰ ਫਰੋਲਣ ਵਾਲਿਆਂ, ਫੁੱਟਪਾਥਾਂ 'ਤੇ ਸੌਣ ਵਾਲਿਆਂ, ਭੁੱਖੇ ਢਿੱਡ ਸੌਣ ਵਾਲਿਆਂ ਦੀ ਦੀਵਾਲੀ ਕਿੱਥੇ ਗਈ? ਉਹਨਾਂ ਦੀ ਖ਼ੁਸ਼ੀ, ਚੈਨ ਤੇ ਖ਼ੁਸ਼ਹਾਲੀ ਕਿਸ ਨੇ ਖੋਹ ਲਈ ਹੈ? ਆਜ਼ਾਦੀ ਦੇ ਪੰਜਾਹ ਵਰ੍ਹੇ ਬੀਤ ਚੁੱਕੇ ਹਨ । ਸਥਿਤੀ ਜਿਉਂ ਦੀ ਤਿਉਂ ਹੀ ਨਹੀਂ ਬਲਕਿ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ । ਗ਼ਰੀਬ ਹੋਰ ਗ਼ਰੀਬ ਹੋ ਰਿਹਾ ਹੈ । ਜਦੋਂ ਤਿਉਹਾਰ ਸਾਂਝਾ ਹੈ, ਸਾਰੇ ਹੀ ਆਜ਼ਾਦ ਦੇਸ਼ ਦੇ ਵਾਸੀ ਹਨ, ਨਿਸ਼ਚਿਤ ਰੂਪ ਵਿੱਚ ਖ਼ੁਸ਼ੀਆਂ ਵੀ ਸਾਂਝੀਆਂ ਹੀ ਹੋਣੀਆਂ ਚਾਹੀਦੀਆਂ ਹਨ, ਖੇੜਿਆਂ ਵਿੱਚ ਸਭ ਦਾ ਹਿੱਸਾ ਤੇ ਸਭ ਦੀ ਸ਼ਮੂਲੀਅਤ ਹੋਣੀ ਚਾਹੀਦੀ ਹੈ ।

ਸਾਡੇ ਦੀਵਾਲੀ ਦੇ ਮਨਾਉਣ ਢੰਗ ਵਿੱਚ ਸ਼ਾਮਲ ਹੈ—ਜੂਆ ਤੇ ਸ਼ਰਾਬ । ਸ਼ਰਾਬ ਪੀਣਾ ਤੇ ਜੂਆ ਖੇਡਣਾ ਸਾਡੇ ਤਿਉਹਾਰਾਂ ਦੇ ਪਵਿੱਤਰ ਮੁਹਾਂਦਰੇ 'ਤੇ ਕਾਲਾ ਧੱਬਾ ਹਨ । ਸ਼ਰਾਬ ਕਿਸ ਦਾ ਖ਼ਾਨਾ ਖ਼ਰਾਬ ਨਹੀਂ ਕਰਦੀ ? ਜੀਵ-ਘਾਤ ਕਰਨਾ ਇਕ ਸ਼ੁਗ਼ਲ ਸਮਝਿਆ ਜਾਂਦਾ ਹੈ । ਨਸ਼ੀਲੇ ਪਦਾਰਥਾਂ ਦੀ ਹਵਸ ਜ਼ਿੰਦਗੀ ਨੂੰ ਬਰਬਾਦ ਕਰ ਰਹੀ ਹੈ । ਜੂਆ ਕਿਸੀ ਕਾ ਨਾ ਹੂਆ । ਜੂਆ ਸਭ ਕੁਝ ਹਾਰ ਜਾਂਦਾ ਹੈ । ਘਰ ਬਾਰ, ਜ਼ਰ, ਜ਼ੋਰੂ, ਜ਼ਮੀਨ ਤੇ ਸਾਰੀਆਂ ਖ਼ੁਸ਼ੀਆਂ, ਇਹਨਾਂ ਕੁਰੀਤੀਆਂ ਕਰਕੇ ਖ਼ੁਸ਼ੀ ਗ਼ਮੀ ਵਿੱਚ ਤਬਦੀਲ ਹੋ ਜਾਂਦੀ ਹੈ। ਮੰਗਲ ਵਿੱਚ ਦੰਗਲ ਹੋ ਜਾਂਦਾ ਹੈ ।

ਦੀਵਾਲੀ ਮਨਾਉਣ ਦੇ ਸਵੱਛ, ਸਰਲ ਤੇ ਸਸਤੇ ਤਰੀਕੇ ਤਲਾਸ਼ ਕਰਨ ਦੀ ਲੋੜ ਹੈ । ਗ਼ਰੀਬਾਂ ਦੀ ਮਦਦ ਕੀਤੀ ਜਾਵੇ । ਆਤਿਸ਼ਬਾਜ਼ੀ ਨਾਲ ਵਾਤਾਵਰਣ ਗੰਧਲਾ ਨਾ ਕੀਤਾ ਜਾਵੇ । ਨੇਕ, ਖ਼ੂਬਸੂਰਤ ਤੇ ਸਿਹਤਮੰਦ ਸੰਕਲਪ ਲਏ ਜਾਣ । ਬਾਜ਼ਾਰੀ ਚੀਜ਼ਾਂ ਦੀ ਬਜਾਏ ਘਰ ਵਿੱਚ ਤਿਆਰ ਕੀਤੀਆ ਵਸਤਾਂ ਨੂੰ ਤਰਜੀਹ ਦਿੱਤੀ ਜਾਵੇ । ਬਚਤ ਦੀ



ਆਦਤ ਇਸ ਮਹਾਨ ਦਿਹਾੜੇ 'ਤੇ ਪਾਈ ਜਾਵੇ । ਰਾਵਣੀ ਗੁਣਾਂ ਦੀ ਥਾਂ ਰਾਮ ਗੁਣ ਧਾਰਨ ਕੀਤੇ ਜਾਣ । ਆਓ, ਜ਼ਾਤ ਨਹੀਂ ਜੋਤ ਨੂੰ ਪਛਾਣੀਏਂ । ਰੰਗ, ਨਸਲ, ਭੇਦ-ਭਾਵ, ਜ਼ਾਤ-ਪਾਤ ਨੂੰ ਭੁਲਾ ਕੇ ਆਪਣੇ ਮਨਾਂ ਵਿੱਚ ਦਇਆ, ਧਰਮ, ਸਦ-ਭਾਵਨਾ ਅਤੇ ਗਿਆਨ ਦਾ ਚੌਮੁਖਾ ਦੀਵਾ ਬਾਲੀਏ । ਬਾਹਰ ਚਾਨਣ ਕਰਨ ਦੇ ਨਾਲ ਨਾਲ ਆਪਣੇ ਅੰਦਰਲੇ ਹਨੇਰੇ ਨੂੰ ਦੂਰ ਕੀਤਾ ਜਾਵੇ ।

ਦੀਵਾਲੀ ਦੇ ਇਤਿਹਾਸਿਕ ਯਾਦਗਾਰੀ ਦਿਹਾੜੇ 'ਤੇ ਦੇਸ਼ ਦੇ ਸ਼ਹੀਦਾਂ, ਆਜ਼ਾਦੀ ਦੇ ਪਰਵਾਨਿਆਂ, ਸਮਾਜ ਸੇਵਕਾਂ ਅਤੇ ਕੌਮੀ ਏਕਤਾ ਵਿੱਚ ਉਸਾਰੂ ਯੋਗਦਾਨ ਪਾਉਣ ਵਾਲਿਆਂ ਨੂੰ ਚੇਤੇ ਕੀਤਾ ਜਾਣਾ ਚਾਹੀਦਾ ਹੈ । ਪਰਿਵਾਰਕ ਮੈਂਬਰਾਂ ਨਾਲ ਆਪਣੇ ਪੂਰਵਜਾਂ ਦੇ ਸਾਹਸੀ ਤੇ ਬਿਹਤਰੀਨ ਕਾਰਨਾਮੇ ਸਾਂਝੇ ਕੀਤੇ ਜਾਣ । ਸੰਗੀ ਸਾਥੀਆਂ, ਰਿਸ਼ਤੇਦਾਰਾਂ, ਨਿਮਾਣਿਆਂ, ਸਤਾਇਆਂ ਅਤੇ ਲਿਤਾੜਿਆਂ ਦੀਆਂ ਜ਼ਿੰਦਗੀਆਂ ਵਿੱਚ ਰੋਸ਼ਨੀ ਕਰਨ ਦੇ ਭਰਪੂਰ ਯਤਨ ਕੀਤੇ ਜਾਣ ।

ਆਓ, ਇਸ ਮਹਾਨ ਪਵਿੱਤਰ ਤੇ ਇਤਿਹਾਸਕ ਤਿਉਹਾਰ ਦੀ ਅਹਿਮੀਅਤ ਨੂੰ ਪਛਾਣੀਏਂ । ਧੂੜ, ਧੂੰਏਂ, ਆਤਿਸ਼ਬਾਜ਼ੀ ਨਾਲ ਦੂਸ਼ਿਤ ਹੋਏ ਵਾਤਾਵਰਣ ਨੂੰ ਪ੍ਰਦੂਸ਼ਿਤ, ਮਲੀਨ ਤੇ ਗੰਧਲਾ ਕਰਨ ਦੀ ਥਾਂ ਆਪਸੀ ਸਾਂਝ, ਸਦਭਾਵਨਾ, ਮਿਲਵਰਤਣ ਤੇ ਮੁਹੱਬਤ ਨਾਲ ਦੀਪਾਵਲੀ ਦੇ ਹੁਸੀਨ ਦਿਹਾੜੇ ਨੂੰ ਮਨੁੱਖਤਾ ਦੀ ਭਲਾਈ ਨੂੰ ਸਮਰਪਿਤ ਕਰਕੇ ਖ਼ੂਬਸੂਰਤ ਬਣਾਈਏ । ਇਸ ਨੂੰ ਰੌਸ਼ਨੀ ਦਾ ਤਿਉਹਾਰ ਹੀ ਰਹਿਣ ਦੇਈਏ, ਆਤਿਸ਼ਬਾਜ਼ੀ ਦਾ ਨਹੀਂ ।

(**26** ਅਕਤੂਬਰ, 2000, ਚੜ੍ਹਦੀ ਕਲਾ ਵਿੱਚੋਂ ਧੰਨਵਾਦ ਸਹਿਤ!)

# ਹੁਣ ਦਹਿਲ ਜਾਂਦੀ ਹੈ ਦਾਦੀ ਦੀਵਾਲੀ ਦੀ ਆਮਦ ’ਤੇ

ਕਰਨੈਲ ਸਿੰਘ ਸੋਮਲ

ਲੋਕੀਂ ਦੀਵਾਲੀ ਦੇ ਤਿਉਹਾਰ ਨੂੰ ਇਕ-ਇਕ ਦਿਨ ਕਰਕੇ ਉਡੀਕਦੇ ਹਨ, ਪਰ ਹੁਣ ਦਾਦੀ ਮਾਂ ਦੀਵਾਲੀ ਦੀ ਆਮਦ ’ਤੇ ਉਦਾਸ ਹੋ ਜਾਂਦੀ ਹੈ । ਉਂਞ ਬੜੀ ਸੂਝਵਾਨ ਅਤੇ ਸੰਵੇਦਨਸ਼ੀਲ ਹੈ ਦਾਦੀ ਮਾਂ । ਉਹ ਆਪ ਮੰਨਦੀ ਹੈ ਕਿ ਪਹਿਲਾਂ ਤਾਂ ਇੰਞ ਨਹੀਂ ਸੀ ਹੁੰਦਾ ।

ਅਜਿਹਾ ਨਹੀਂ ਕਿ ਦਾਦੀ ਮਾਂ ਤਿਉਹਾਰਾਂ ਦੀ ਮਹੱਤਤਾ ਨੂੰ ਨਹੀਂ ਸਮਝਦੀ । ਉਹ ਤਾਂ ਸਗੋਂ ਤਿੱਥ-ਤਿਉਹਾਰਾਂ ਤੇ ਮੇਲਿਆਂ ਦੀ ਮਹਿਮਾ ਬਾਰੇ ਇਕ ਲੰਮਾ ਲੈਕਚਰ ਦੇ ਸਕਦੀ ਹੈ । ਉਸ ਨੇ ਹੀ ਦੱਸਿਆ ਸੀ ਕਿ ਤਿਉਹਾਰਾਂ ਦੀ ਆਮਦ ਸਭ ਦੇ ਹੁਲਾਸਣ ਲਈ ਹੁੰਦੀ ਹੈ । ਇਹ ਤਿਉਹਾਰ ਰੱਟ ਵਿੱਚ ਚਲਦੇ ਜੀਵਨ ਵਿੱਚ ਨਵਾਂਪਨ ਲਿਆਉਂਦੇ ਹਨ । ਤੰਗੀਆਂ-ਤੁਰਸ਼ੀਆਂ ਵਿੱਚ ਜਿਊਂਦਾ ਵੀ ਹਰ ਕੋਈ ਤਿਉਹਾਰ ਦੇ ਦਿਨ ਥੋੜ੍ਹੀ ਜਿਹੀ ਖੁੱਲ੍ਹ ਲੈ ਲੈਂਦਾ ਹੈ । ਬੰਦ ਕਮਰੇ ਦੀਆਂ ਖਿੜਕੀਆਂ ਖੋਲ੍ਹਣ ’ਤੇ ਜਿਵੇਂ ਚਾਨਣ ਤੇ ਹਵਾ ਰੂਹ ਨੂੰ ਹੁਲਾਰਾ ਦੇ ਜਾਂਦੇ ਹਨ । ਤਿਉਹਾਰ ਵੀ ਕੁਝ ਅਜਿਹੀ ਤਾਜ਼ਗੀ ਦੇ ਜਾਂਦੇ ਹਨ । ਰੌਂ ਬਦਲ ਜਾਂਦੀ ਹੈ ਸਭ ਦੀ।

ਕੀ ਦਾਦੀ ਮਾਂ ਦੀ ਵਡੇਰੀ ਉਮਰ ਉਸ ਦੇ ਇਉਂ ਉਦਾਸੇ ਜਾਣ ਦਾ ਸਬੱਬ ਤਾਂ ਨਹੀਂ ਹੈ ? ਪਰ ਅਜਿਹਾ ਹੁੰਦਾ ਤਾਂ ਪਿਛਲੇ ਕੁਝ ਵਰ੍ਹਿਆਂ ਤਕ ਉਹ ਆਪ ਅੱਗੇ ਹੋ ਕੇ ਦੀਵਾਲੀ ਦੇ ਦਿਨ ਦੀਆਂ ਸਾਰੀਆਂ ਤਿਆਰੀਆਂ ਨਾ ਕਰਦੀ ਹੁੰਦੀ । ਘਰ ਦੀ ਸਫ਼ਾਈ ਤੇ ਲਿੱਪਣ-ਪੋਚਣ ਦਾ ਕੰਮ ਕਰਾਉਣਾ, ਰਤਨੀ ਘੁਮਿਆਰੀ ਨੂੰ ਉਡੀਕਣਾ ਕਿ ਉਹ ਦਿਉੜੀਆਂ ਤੇ ਕੁੱਜੀਆਂ ਦੇ ਕੇ ਜਾਵੇ । ਦੀਵਾਲੀ ਦੇ ਦਿਨੀਂ ਕੌਲੇ ਸੁੱਚੇ



ਕਰਨ, ਦੀਵਿਆਂ ਲਈ ਰੂੰ ਦੀਆਂ ਬੱਤੀਆਂ ਵੱਟਣੀਆਂ, ਸਰ੍ਹੋਂ ਦੇ ਤੇਲ ਦੀ ਕਾਇਮੀ ਕਰਨੀ । ਫਿਰ ਵਿਉਂਤਾਂ ਬਣਾਉਣੀਆਂ ਕਿ ਦੀਵਾਲੀ ਦੇ ਦਿਨ ਕੀ ਵਿਸ਼ੇਸ਼ ਬਣੇਗਾ ।

ਦੀਵਾਲੀ ਦੀ ਸੰਝ ਨੂੰ ਚੇਤੇ ਕਰ ਕਰ ਕੇ, ਖ਼ਾਸ ਖ਼ਾਸ ਥਾਵਾਂ ’ਤੇ ਦੀਵੇ ਧਰਾਉਣੇ । ਦਾਦਾ ਜੀ ਦੀ ਮੜ੍ਹੀ ’ਤੇ, ਪਿੰਡ ਦੇ ਦਰਵਾਜ਼ੇ, ਟੋਭੇ, ਵੱਡੇ-ਵੱਡੇ ਖੂਹ, ਧਰਮਸ਼ਾਲਾ, ਗੁਰਦੁਆਰੇ, ਹੋਰ ਤਾਂ ਹੋਰ ਟੋਭੇ ਦੇ ਨੇੜੇ ਕਿਸੇ ਮੁਸਲਮਾਨ ਪੀਰ ਦੇ ਮਜ਼ਾਰ ’ਤੇ ਵੀ ਦੀਵੇ ਰੱਖਣ ਲਈ ਕਹਿਣਾ। ਦਾਦੀ ਮਾਂ ਇਕ ਵੱਡੇ ਥਾਲ ਵਿੱਚ ਸੁਆਹ ਪਾ ਕੇ ਤੇਲ ਦੇ ਭਰੇ ਦੀਵੇ ਰੱਖਦੀ ਤੇ ਦੀਵੇ ਰੱਖਣ ਗਏ ਨੂੰ ਤਾਕੀਦ ਕਰਦੀ ਕਿ ਦੀਵੇ ਕਿੱਥੇ-ਕਿੱਥੇ ਧਰਨੇ ਹਨ । ਸ਼ਹੀਦ ਸਿੰਘਾਂ ਦੀ ਸਮਾਧ ਜਿਸ ਨੂੰ ਕੋੜਮਾ ਆਪਣਾ ਸ਼ਹੀਦ ਕਹਿੰਦਾ ਉੱਥੇ ਵੀ ਦੀਵਾ ਰਖਵਾਇਆ ਜਾਂਦਾ ।

ਦਾਦੀ ਮਾਂ ਰਤਨੀ ਘੁਮਿਆਰੀ ਤੋਂ ਚੌਮੁਖੀਆ ਦੀਵਾ ਬਾਲਣ ਲਈ ਵੱਡੀ ਠੂਠੀ ਜਾਂ ਚੁਕੋਣੀ ਦਿਉੜੀ ਲੈਂਦੀ । ਇਸ ਵਿੱਚ ਸੁੱਚਾ ਘੀ ਪਾਇਆ ਜਾਂਦਾ । ਦਾਦੀ ਮਾਂ ਦੀਵਾਲੀ ਦੇ ਤਿਉਹਾਰ ਨੂੰ ਸੱਚੀਂ ਹੀ ਸਾਲ ਦਾ ਖ਼ਾਸ ਦਿਨ ਮੰਨ ਕੇ ਚਾਉ ਪੂਰੇ ਕਰਦੀ । ਉਸ ਦੇ ਮੂੰਹੋਂ ਮੁੜ ਮੁੜ ਨਿਕਲਦਾ, **“ਜਿਊਂਦਿਆਂ ਵੱਸਦਿਆਂ ਨੂੰ ਇਹ ਤਿਉਹਾਰ ਆਇਐ ।”**

ਘਰ ਵਿੱਚ ਬੱਚਿਆਂ ਦੀਆਂ ਖ਼ੁਸ਼ੀਆਂ ਦਾ ਉਹ ਉਚੇਚਾ ਖ਼ਿਆਲ ਰੱਖਦੀ । ਕੋਈ ਬੱਚਾ ਜ਼ਿੱਦ ਕਰਦਾ ਤਾਂ ਸੁੱਚੀ ਸਮਝ ਕੇ ਰੱਖੀ ਮਿਠਿਆਈ ਵੀ ਉਸ ਨੂੰ ਦੇ ਦਿੰਦੀ । ਉਹ ਸੋਚਦੀ ਬੱਚਿਆਂ ਤੋਂ ਵਧ ਕੇ ਸੱਚਾ ਤੇ ਸੁੱਚਾ ਕੌਣ ਹੋ ਸਕਦਾ ਹੈ ।

ਪਰ ਹੁਣ ਦਾਦੀ ਮਾਂ ਦਾ ਮਨ ਕਿਉਂ ਬੁੱਝਣ ਲੱਗ ਪਿਆ ਹੈ ? ਕਈ ਵਾਰੀ ਉਹ ਆਪ ਹੀ ਦੱਸਣ ਲੱਗਦੀ ਹੈ—**“ਸ਼ਾਇਦ ਹੀ ਕੋਈ**

**ਦੀਵਾਲੀ ਲੰਘੀ ਹੋਊ ਜਦੋਂ ਸ਼ਰਾਬੀਆਂ ਨੇ ਕੋਈ ਭਾਣਾ ਨਾ ਵਰਤਾਇਆ ਹੋਵੇ ।"** ਫਿਰ ਉਹ ਪਿੰਡ ਵਿੱਚ ਪਿਛਲੇ ਸਾਲਾਂ ਦੀਆਂ ਦੀਵਾਲੀਆਂ ਨੂੰ ਹੋਈਆਂ ਲੜਾਈਆਂ ਤੇ ਸੱਟਾਂ-ਪੇਟਾਂ ਬਾਰੇ ਦੱਸਦੀ । ਇਕ ਦੋ ਵਾਰੀ ਕਤਲ ਵੀ ਹੋਏ । ਲੜਾਈ ਝਗੜੇ ਤੋਂ ਸੁੱਖ-ਸਾਂਦ ਰਹੀ ਹੋਵੇ ਤਾਂ ਕਿਸੇ ਦੇ ਜ਼ਿਆਦਾ ਸ਼ਰਾਬ ਪੀਣ ਨਾਲ ਜਾਨ ਨੂੰ ਬਣ ਆਉਣ ਦੀ ਗੱਲ ਹੋ ਜਾਂਦੀ। ਦਾਦੀ ਮਾਂ ਨੂੰ ਵੱਡਾ ਝਟਕਾ ਉਦੋਂ ਲੱਗਿਆ ਜਦੋਂ ਪਟਾਕੇ ਚਲਾਉਂਦਿਆਂ ਗੁਆਂਢੀਆਂ ਦੀ ਇਕ ਕੁੜੀ ਦੀ ਨਿਗ੍ਹਾ ਜਾਂਦੀ ਰਹੀ । ਇਸ ਤਰ੍ਹਾਂ ਦੀਆਂ ਦੁਰਘਟਨਾਵਾਂ ਹੋਣ 'ਤੇ ਉਹ ਦਹਿਲਣ ਲੱਗ ਪਈ । ਦੀਵਾਲੀ ਲੰਘਦੀ ਤਾਂ ਦਾਦੀ ਮਾਂ ਹਰ ਮਿਲਣ ਵਾਲੇ ਨੂੰ ਉਚੇਚਾ ਪੁੱਛਦੀ, **"ਸੁੱਖ-ਸਾਂਦ ਨਾਲ ਲੰਘ ਗਈ ਦੀਵਾਲੀ ਵੀਰ ।"**

ਉਸ ਨੂੰ ਲੱਗਦਾ ਕਿ ਦੀਵਾਲੀ ਜੋ ਖੁਸ਼ੀਆਂ ਲੈ ਕੇ ਆਉਂਦੀ ਹੈ ਹੁਣ ਮਾੜੀਆਂ ਖ਼ਬਰਾਂ ਦਾ ਦਿਨ ਬਣਨ ਲੱਗ ਪਿਆ ਹੈ । ਉਸ ਦੇ ਕੰਨੀਂ ਇਹ ਖ਼ਬਰਾਂ ਵੀ ਪੈਂਦੀਆਂ ਕਿ ਦੀਵਾਲੀ ਦੀ ਰਾਤ ਨੂੰ ਕਿੰਨੇ ਬੱਚਿਆਂ ਨੂੰ ਹਸਪਤਾਲ ਲਿਜਾਣਾ ਪਿਆ ।

ਹੁਣ ਤਾਂ ਭਾਈ ਮੈਥੋਂ ਦੀਵਾਲੀ ਦੀ ਰਾਤ ਨੂੰ ਪਟਾਕਿਆਂ ਦਾ ਸ਼ੋਰ ਨਹੀਂ ਸਹਿਆ ਜਾਂਦਾ । ਠੂਹ ਠੂਹ, ਠਾਹ-ਠਾਹ ਤਾਂ ਕਈ-ਕਈ ਦਿਨਾਂ ਤੋਂ ਹੋਣ ਲੱਗ ਜਾਂਦੀ ਹੈ; ਪਰ ਦੀਵਾਲੀ ਦੀ ਰਾਤ ਨੂੰ ਕਿੱਥੇ ਲੁਕ ਕੇ ਲੰਘਾਈਏ ਇਹ ਰਾਤ ।

ਦਾਦੀ ਮਾਂ ਦੱਸਦੀ ਹੈ ਕਿ ਆਤਿਸ਼ਬਾਜ਼ੀ ਦੇ ਚੱਲਣ ਨਾਲ ਸਾਡਾ ਚੁਫੇਰਾ ਧੁਆਂਖਿਆ ਜਾਂਦਾ ਹੈ । ਉਸਨੂੰ ਲੱਗਦਾ ਹੈ ਕਿ ਇਹ ਪਟਾਕੇ ਨਹੀਂ ਦੇਸ਼ ਦਾ ਧਨ ਹੈ ਜੋ ਫੂਕਿਆ ਜਾ ਰਿਹਾ ਹੈ । ਥੋੜ੍ਹਾ ਸੰਜਮ ਕਰਨ ਨਾਲ ਇਹੋ ਕਰੋੜਾਂ ਰੁਪਈਏ ਕਿਸੇ ਸਕੂਲ, ਹਸਪਤਾਲ ਨੂੰ ਬਣਾਉਣ



ਲਈ ਵਰਤੇ ਜਾ ਸਕਦੇ ਹਨ । ਹੋਰ ਅਨੇਕਾਂ ਜ਼ਿਆਦਾ ਜ਼ਰੂਰੀ ਲੋੜਾਂ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ ।

ਦਾਦੀ ਮਾਂ ਟੀ.ਵੀ. ਉੱਤੇ ਇਰਾਕ ਯੁੱਧ ਦੇ ਦ੍ਰਿਸ਼ ਵੇਖਦੀ ਰਹੀ ਸੀ । ਉਹ ਹੁਣ ਕਹਿੰਦੀ ਹੈ ਕਿ ਬੰਬਾਂ ਦੀ ਠੂਹ ਠਾਹ ਸੁਣ ਕੇ ਮੇਰੀ ਰੂਹ ਕੰਬਣ ਲੱਗ ਪਈ ਹੈ । ਮੈਥੋਂ ਨਹੀਂ ਹੁਣ ਦੀਵਾਲੀ ਦੇ ਪਟਾਕੇ ਸੁਣੇ ਜਾਂਦੇ। ਇਹ ਵੀ ਬੰਬਾਂ ਵਾਂਗ ਚੱਲਦੇ ਹਨ ।

ਦਾਦੀ ਮਾਂ ਅਖ਼ਬਾਰ ਵੀ ਬਾਕਾਇਦਾ ਪੜ੍ਹਦੀ ਹੈ । ਉਸ ਨੂੰ ਜ਼ਮਾਨੇ ਦੀ ਕੋਈ ਗੱਲ ਨਹੀਂ ਭੁੱਲੀ ਹੋਈ । ਦੀਵਾਲੀ ਦੇ ਮੌਕੇ ਮਹਿੰਗੇ ਤੋਹਫ਼ਿਆਂ ਦੇ ਰੂਪ ਵਿੱਚ ਦੇਣ ਲੈਣ ਬਾਰੇ ਉਹ ਅਕਸਰ ਗੱਲਾਂ ਕਰਦੀ ਹੈ । ਉਹ ਕਹਿੰਦੀ ਹੈ ਤਿਉਹਾਰ ਦੇ ਓਹਲੇ ਵਿੱਚ ਚੜ੍ਹਾਵਾ ਚੜ੍ਹਾਉਣ ਦੀ ਥਾਂ ਇਹ ਢੀਠ ਸਿੱਧੇ ਹੀ ਕਿਉਂ ਦੇਣ ਲੈਣ ਨਹੀਂ ਕਰ ਲੈਂਦੇ। ਚਾਨਣ ਦੇ ਤਿਉਹਾਰ ਨੂੰ ਕਿਉਂ ਕਾਲਖ ਲਾਉਂਦੇ ਹਨ ।

ਦਾਦੀ ਮਾਂ ਦੀਵਾਲੀ ਦੇ ਦਿਨੀਂ ਬਾਜ਼ਾਰ ਦੀ ਬਣੀ ਮਿਠਿਆਈ ਨੂੰ ਘਰ ਨਹੀਂ ਵੜਨ ਦਿੰਦੀ । ਉਹ ਕਹਿੰਦੀ ਹੈ ਕਿ ਪਤਾ ਨਹੀਂ ਇਹ ਕਿਹੋ ਜਿਹੀ ਕੱਚੀ ਪੱਕੀ ਬਣਦੀ ਹੈ । ਕੋਈ ਸਫ਼ਾਈ ਦਾ ਵੀ ਧਿਆਨ ਰੱਖਦਾ ਹੈ ਕਿ ਨਹੀਂ । ਤਰ੍ਹਾਂ-ਤਰ੍ਹਾਂ ਦੇ ਪਾਏ ਰੰਗ ਪਤਾ ਨਹੀਂ ਕਿਹੜੇ ਰੋਗ ਨੂੰ ਸੱਦਾ ਦੇਣਗੇ । ਫਿਰ ਡਾਕਟਰਾਂ ਦੀਆਂ ਵੱਡੀਆਂ ਫ਼ੀਸਾਂ ਤੇ ਦਵਾਈਆਂ ਦੇ ਵਧੇ....ਭਾਅ ਬੰਦੇ ਦੀ ਜਾਨ ਸੂਤ ਲੈਂਦੇ ਹਨ ।

ਬੜਾ ਕੁਝ ਕਹਿਣ ਨੂੰ ਹੈ ਦਾਦੀ ਮਾਂ ਕੋਲ । ਉਹ ਦੀਵਾਲੀ ਮਨਾਉਣ ਦੇ ਵਿਰੁੱਧ ਨਹੀਂ । ਉਹ ਤਾਂ ਸਗੋਂ ਸਾਫ਼ ਕਹਿੰਦੀ ਹੈ, **"ਇਹ ਤਿਉਹਾਰ ਤਾਂ ਸਾਡੇ ਵੱਡੇ ਵੱਡੇਰਿਆਂ ਦੇ ਵਕਤ ਤੋਂ ਤੁਰੀ ਆਉਂਦੇ ਹਨ। ਅਸੀਂ ਕਾਹਨੂੰ ਤੋੜਨੀ ਹੈ ਇਹ ਕੜੀ; ਪਰ ਮਨਾਉਣ ਦਾ ਕੋਈ ਢੰਗ**

ਤਰੀਕਾ ਵੀ ਹੋਵੇ । ਦੀਵੇ ਬਾਲ ਲਏ ਠੀਕ ਹੈ । ਘਰ ਸਵਾਰ ਸਜਾ ਲਿਆ ਇਹ ਵੀ ਚੰਗਾ । ਨਿਆਣਿਆਂ ਦੇ ਚਾਉ ਪੂਰੇ ਕਰ ਲਏ । ਆਪਣੇ ਸੱਜਣਾਂ ਸਨੇਹੀਆਂ ਨੂੰ ਯਾਦ ਕਰ ਲਿਆ ।

ਰੁੱਤ ਬਦਲੀ ਦਾ ਸਵਾਗਤ ਹੋ ਗਿਆ । ਇਸ ਤਰ੍ਹਾਂ ਸਾਉਣੀ ਦੀ ਆਈ ਫ਼ਸਲ ਦਾ ਵੀ ਚਾਅ ਕਰ ਲਿਆ । ਯਾਦ ਕਰ ਲਏ ਆਪਣੇ ਮਹਾਂਪੁਰਖ । ਅਯੁੱਧਿਆ ਪਰਤੇ ਰਾਮ ਜੀ ਦੀ ਖ਼ੁਸ਼ੀ ਜਾਂ ਬੰਦੀਛੋੜ ਸਤਿਗੁਰੂ ਦੀ ਯਾਦ, ਸਭ ਕੁਝ ਚੰਗਾ ਹੈ । ਪਰ ਮੈਨੂੰ ਜੇਬਾਂ ਖ਼ਾਲੀ ਕਰਨ ਤੇ ਆਪਣਾ ਝੁੱਗਾ ਚੌੜ ਕਰਨ ਦੀ ਗੱਲ ਸਮਝ ਨਹੀਂ ਆਉਂਦੀ । ਖੇੜਿਆਂ ਦੀ ਤਾਂ ਅਸੀਂ ਸਾਰੇ ਕਾਮਨਾ ਕਰਦੇ ਹਾਂ ਪਰ ਰੰਗ ਵਿੱਚ ਭੰਗ ਪੈਣ ਦੀਆਂ ਗੱਲਾਂ । ਅੱਗੇ ਮੈਂ ਦੀਵਾਲੀ ਦੇ ਦੀਵਿਆਂ ਲਈ ਬੱਤੀਆਂ ਵੱਟਣ ਲਈ ਰੂੰ ਭਾਲਦੀ ਸਾਂ ਤੇ ਹੁਣ ਕੰਨਾਂ ਵਿੱਚ ਦੇਣ ਲਈ...।"

ਇਹ ਕਹਿੰਦਿਆਂ ਵੀ ਦਾਦੀ ਮਾਂ ਦੇ ਮੂੰਹੋਂ ਨਿਕਲਦਾ ਹੈ "**ਸਭ ਲਈ ਖ਼ੁਸ਼ੀਆਂ ਤੇ ਖ਼ੁਸ਼ਹਾਲੀ ਲੈ ਕੇ ਆਵੇ ਦੀਵਾਲੀ । ਦੀਵਾਲੀ ਦੇ ਦੀਵਿਆਂ 'ਤੇ ਕਦੇ ਕੋਈ ਝੱਖੜ ਨਾ ਝੁੱਲੇ ।**"

(ਪੰਜਾਬੀ ਟ੍ਰਿਬਿਊਨ 24-10-2003 'ਚੋਂ ਧੰਨਵਾਦ ਸਹਿਤ!)



# ਪ੍ਰਦੂਸ਼ਣ-ਰਹਿਤ ਦੀਵਾਲੀ, ਲਿਆਵੇ ਘਰ-ਆਂਗਣ ਖ਼ੁਸ਼ਹਾਲੀ

—ਮਨਿੰਦਰ ਕੌਰ ਫਰੀਦਕੋਟ

ਕਿਹਾ ਜਾਂਦਾ ਹੈ "**ਪ੍ਰਦੂਸ਼ਣ ਅੱਜ ਦਾ ਜ਼ਹਿਰ, ਕੱਲ੍ਹ ਦਾ ਕਹਿਰ**" ਅਤੇ ਅਸੀਂ ਇਸ ਜ਼ਹਿਰ ਨੂੰ ਫੈਲਾਉਣ ਲਈ ਅਤੇ ਪਰਲੋ ਲਿਆਉਣ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਹਨ । ਅਸੀਂ ਇਕ ਪਲ ਵੀ ਇਹ ਨਹੀਂ ਸੋਚਦੇ ਕਿ ਜੋ ਕੁਝ ਅਸੀਂ ਦੀਵਾਲੀ ਮਨਾਉਣ ਵੇਲੇ ਕਰਾਂਗੇ, ਉਸ ਨੇ ਸਾਡੇ ਵਾਤਾਵਰਣ ਨੂੰ ਸ਼ਰੀਰਕ ਅਤੇ ਮਾਨਸਿਕ ਤੌਰ 'ਤੇ ਬੀਮਾਰ ਕਰ ਦੇਣਾ ਹੈ ਅਤੇ ਇਹ ਬਿਮਾਰੀ ਇਸ ਹੱਦ ਤਕ ਪਹੁੰਚ ਜਾਣੀ ਹੈ ਜਿਸ 'ਤੇ ਕਾਬੂ ਪਾਉਣਾ ਮੁਸ਼ਕਲ ਹੀ ਨਹੀਂ ਸਗੋਂ ਨਾਮੁਮਕਿਨ ਹੋ ਜਾਵੇਗਾ । ਵਾਤਾਵਰਣ ਦੀ ਇਸ ਭਿਅੰਕਰ ਤਸਵੀਰ ਅੱਗੇ ਸਾਰੀ ਮਨੁੱਖਤਾ ਤਬਾਹੀ ਦੇ ਬੂਥੇ ਖ਼ਤਮ ਹੋਣ ਲਈ ਤਿਆਰ ਹੈ ।

ਇਕ ਤਾਜ਼ਾ ਸਰਵੇਖਣ ਅਨੁਸਾਰ ਸਾਡੇ ਵਾਯੂ-ਮੰਡਲ ਵਿੱਚ 3,60,000 ਮਿਲੀਅਨ ਟਨ ਕਾਰਬਨ ਡਾਇਆਕਸਾਈਡ ਗੈਸ ਜਮ੍ਹਾਂ ਹੋ ਗਈ ਹੈ । ਇਸ ਨਾਲ ਵਾਯੂ-ਮੰਡਲ ਦਾ ਤਾਪਮਾਨ ਇਕ ਡਿਗਰੀ ਫਾਰਨਹੀਟ ਵਧ ਗਿਆ ਹੈ । ਜੇ ਅਸੀਂ ਇਸੇ ਰਫ਼ਤਾਰ ਨਾਲ ਪਲੀਤੀ ਵਧਾਉਂਦੇ ਗਏ ਤਾਂ ਇਸ ਦੇ ਹੋਰ ਭਿਆਨਕ ਸਿੱਟੇ ਸਾਹਮਣੇ ਆਉਣਗੇ ਤੇ ਤਾਪਮਾਨ ਹੋਰ ਵਾਧੇ ਵੱਲ ਜਾਵੇਗਾ । ਸਿੱਟੇ ਵਜੋਂ ਧਰੁੱਵੀ ਬਰਫ਼ ਟੋਪੀਆਂ ਪਿਘਲ ਜਾਣਗੀਆਂ, ਜਿਸ ਨਾਲ ਸਮੁੱਚੀ ਧਰਤੀ 'ਤੇ ਇਕ ਵਾਰ ਭਿਆਨਕ ਹੜ੍ਹਾਂ ਵਾਲੀ ਸਥਿਤੀ ਪੈਦਾ ਹੋ ਜਾਵੇਗੀ ਤੇ ਇਸ ਉਪਰੰਤ ਅਸੀਂ ਪਾਣੀ ਦੀ ਬੂੰਦ-ਬੂੰਦ ਲਈ ਤਰਸ ਜਾਵਾਂਗੇ । ਇਸ ਲਈ ਲੋੜ ਹੈ ਆਪਾਂ ਮੰਡਲ ਗਰਮਾਉਣ (ਗਲੋਬਲ ਵਾਰਮਿੰਗ) ਵਾਲੀ ਖ਼ਤਰਨਾਕ ਸਥਿਤੀ ਆਉਣ

ਤੋਂ ਪਹਿਲਾਂ ਹੀ ਸੁਚੇਤ ਹੋ ਜਾਈਏ ਤਾਂ ਜੋ ਪ੍ਰਦੂਸ਼ਣ ਮੁਕਤ ਭਾਰਤ ਬਣਾਉਣ ਦੇ ਸੁਪਨੇ ਨੂੰ ਸਾਕਾਰ ਕਰ ਸਕੀਏ ।

ਸੋਚ ਕੇ ਵੇਖੀਏ ਕਿ ਦੀਵਾਲੀ ਵਾਲੇ ਦਿਨ ਪੂਰਾ ਦੇਸ਼ ਕਿੰਨੀ ਬਿਜਲੀ ਦੀ ਖੱਪਤ ਕਰਦਾ ਹੋਵੇਗਾ ਅਤੇ ਕਿੰਨੀ ਕਾਰਬਨ ਡਾਇਆਕਸਾਈਡ ਗੈਸ ਵਾਤਾਵਰਣ ਨੂੰ ਗੰਧਲਾ ਕਰਦੀ ਹੋਵੇਗੀ ।

ਇਸ ਤੋਂ ਜ਼ਿਆਦਾ ਭਿਆਨਕ ਰੂਪ ਉਦੋਂ ਵੇਖਣ ਨੂੰ ਮਿਲਦਾ ਹੈ ਜਦੋਂ ਸਾਰੇ ਅਸਮਾਨ ਵਿੱਚ ਪਟਾਕਿਆਂ ਦੇ ਸ਼ੋਰ ਨਾਲ ਸਾਰੀ ਰਾਤ ਬੇ-ਰੋਕਟੋਕ ਇਕ ਡਰਾਉਣਾ ਜਿਹਾ ਅਨੁਭਵ ਦਿੰਦੇ ਹਨ । ਇੰਨੇ ਸ਼ੋਰ ਨੂੰ ਨਾ ਸਹਾਰਦੇ ਹੋਏ ਪਸ਼ੂ-ਪੰਛੀ ਦਹਿਲ ਜਾਂਦੇ ਹੋਣਗੇ ਅਤੇ ਸੜਕਾਂ ’ਤੇ ਵਾਹਨਾਂ ਵਿੱਚ ਵੱਜ ਕੇ ਲਹੂ ਲੁਹਾਨ ਹੋ ਜਾਂਦੇ ਹੋਣਗੇ । ਸੂਝਵਾਨ ਡਾਕਟਰ ਦੱਸਦੇ ਹਨ ਕਿ ਪਟਾਕਿਆਂ, ਅਨਾਰਾਂ, ਰੌਕੇਟ, ਫੁੱਲਝੜੀਆਂ ਆਦਿ ਨੂੰ ਚਲਾਉਣ ਨਾਲ ਮਸਾਲੇ ਦੀ ਰਾਖ ਅਤੇ ਪੈਦਾ ਹੋਈਆਂ ਜ਼ਹਿਰੀਲੀਆਂ ਗੈਸਾਂ ਹਵਾ ਵਿੱਚ ਪਹੁੰਚ ਕੇ ਗੰਭੀਰ ਪ੍ਰਦੂਸ਼ਣ ਪੈਦਾ ਕਰ ਦਿੰਦੀਆਂ ਹਨ। ਅਜਿਹੀ ਹਵਾ, ਜਿਸ ਵਿੱਚ ਰਾਖ ਅਤੇ ਅੱਧ-ਸੜੇ ਅੰਸ਼ਾਂ ਦੀ ਮਾਤਰਾ ੧੦੦ ਪਪਮ **(parts per million)** ਤੋਂ ਜ਼ਿਆਦਾ ਹੋ ਜਾਵੇ ਤਾਂ ਇਸ ਹਵਾ ਵਿੱਚ ਸਾਹ ਲੈਣ ਨਾਲ ਸਿਰਦਰਦ, ਦਿਲ, ਫੇਫੜੇ ਦੀਆਂ ਬਿਮਾਰੀਆਂ ਨਾਲ ਪੀੜਿਤ ਲੋਕਾਂ ਵਿੱਚ ਗੰਭੀਰ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ।

ਇਹ ਸਭ ਕੁਝ ਜਾਣਦੇ ਹੋਏ ਵੀ ਅਸੀਂ ਬੜੇ ਖ਼ੁਸ਼ ਹੋ ਕੇ ਦੱਸਦੇ ਹਾਂ ਕਿ ਅਸੀਂ ਅੱਜ 10,000 ਦੇ ਪਟਾਕੇ ਚਲਾਏ । ਇੰਨੇ ਪੈਸਿਆਂ ਵਿੱਚ ਕਿੰਨੀਆਂ ਭਿਆਨਕ ਬਿਮਾਰੀਆਂ ਮੁਫ਼ਤ ਖ਼ਰੀਦੀਆਂ ਹਨ, ਇਹ ਚਿੱਤ ਚੇਤੇ ਵੀ ਨਹੀਂ ਹੁੰਦਾ ।



ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ, ਦਿੱਲੀ ਅਨੁਸਾਰ ਆਮ ਉਪਲੱਬਧ ਪਟਾਕਿਆਂ ਵਿੱਚੋਂ 95% ਪਟਾਕੇ ਅਜਿਹੇ ਹਨ ਜੋ ਹਵਾ ਅਤੇ ਸ਼ੋਰ-ਪ੍ਰਦੂਸ਼ਣ ਪੱਖੋਂ ਨਿਯਮਾਂ ਦੀ ਉਲੰਘਣਾ ਕਰਦੇ ਹਨ । ੧੨੫ ਡੈਸੀਬਲ ਯੂਨਿਟ ਤੋਂ ਵਧੇਰੇ ਸ਼ੋਰ ਪੈਦਾ ਕਰਨ ਵਾਲੇ ਪਟਾਕੇ ਕਾਨੂੰਨੀ ਤੌਰ ’ਤੇ ਮਨ੍ਹਾ ਹਨ; ਪਰ ਇਸ ਪੱਖ ਨੂੰ ਨਾ ਹੀ ਨੌਜਵਾਨ ਵਰਗ ਅਤੇ ਨਾ ਪਟਾਕੇ ਬਣਾਉਣ/ਵੇਚਣ ਵਾਲੇ ਸੋਚਦੇ ਹਨ । ਮਨੁੱਖੀ ਸਿਹਤ ਲਈ ਉਚਿਤ ਅਵਾਜ਼ ਪੱਧਰ ਦਿਨ ਸਮੇਂ ੬੦ ਡੈਸੀਬਲ ਅਤੇ ਰਾਤ ਸਮੇਂ ੪੬ ਡੈਸੀਬਲ ਨਿਰਧਾਰਿਤ ਕੀਤਾ ਗਿਆ ਹੈ । ਤੇਜ਼ ਆਵਾਜ਼ ਦਾ ਏਨਾ ਭਿਆਨਕ ਅਸਰ ਹੁੰਦਾ ਹੈ ਕਿ ਜੈੱਟ ਏਅਰਵੇਜ਼ ਜਦੋਂ ਉਡਾਣ ਭਰਦਾ ਹੈ ਤਾਂ ਇਸ ਦੀ ਭਿਆਨਕ ਆਵਾਜ਼ ਸੁਣ ਕੇ ਇਕ ਗਰਭਵਤੀ ਇਸਤਰੀ ਦਾ ਗਰਭਪਾਤ ਹੋ ਸਕਦਾ ਹੈ ।

ਤਿਉਹਾਰਾਂ ਦੇ ਦਿਨੀਂ ਅਸੀਂ ਜਿੰਨੀਆਂ ਵੀ ਮਿਠਿਆਈਆਂ ਖਾਂਦੇ ਹਾਂ, ਉਨ੍ਹਾਂ ਨੂੰ ਬਣਾਉਣ ਲਈ ਮੁਨਾਫ਼ਾਖੋਰ ਸਿੰਥੈਟਿਕ ਦੁੱਧ ਬਣਾ ਕੇ ਚੋਰੀ ਛਿਪੇ ਬਾਜ਼ਾਰ ਵਿੱਚ ਲਿਆਉਂਦੇ ਹਨ । ਸੋਚ ਕੇ ਵੇਖੀਏ ਕਿ ਬਾਜ਼ਾਰ ਵਿੱਚ ਉਪਲਬਧ ਦੁੱਧ ਦੀ ਸੀਮਿਤ ਮਾਤਰਾ ਨਾਲ ਲੋੜੋਂ ਵੱਧ ਮਿਠਿਆਈਆਂ ਕਿਵੇਂ ਪੈਦਾ ਹੋ ਸਕਦੀਆਂ ਹਨ ? ਇਹ ਵਾਧੂ ਦੁੱਧ ਕਿਵੇਂ ਤਿਆਰ ਹੁੰਦਾ ਹੋਣਾ ਹੈ ? ਮਨੁੱਖੀ ਮਾਨਸਿਕਤਾ ਇਸ ਹੱਦ ਤਕ ਡਿੱਗ ਗਈ ਹੈ ਕਿ ਪੈਸੇ ਦੇ ਲਾਲਚ ਵਿੱਚ ਵੱਡੀ ਪੱਧਰ ’ਤੇ ਬਿਮਾਰ ਸੋਚ ਦਾ ਸ਼ਿਕਾਰ ਲੋਕ, ਦੇਸ਼ ਅਤੇ ਦੇਸ਼-ਵਾਸੀਆਂ ਨਾਲ ਹਰ ਤਰ੍ਹਾਂ ਨਾਲ ਧ੍ਰੋਹ ਕਮਾਉਣ ਲਈ ਤਿਆਰ ਰਹਿੰਦੇ ਹਨ । ਪਰ ਇਸ ਤਰ੍ਹਾਂ ਲੋਕਾਂ ਦੀ ਸਿਹਤ ਨਾਲ ਹੋ ਰਹੇ ਖਿਲਵਾੜ ਦੀ ਸਜ਼ਾ ਕੌਣ ਭੁਗਤੇਗਾ ? ਅਜਿਹੇ ਸਮਾਜ-ਵਿਰੋਧੀ ਅਨਸਰਾਂ ਨੂੰ ਨਜਿੱਠਣ ਲਈ ਪ੍ਰਸ਼ਾਸਨ ਨੂੰ ਪੂਰੀ ਤਰ੍ਹਾਂ

ਸੁਚੇਤ ਹੋਣਾ ਪਵੇਗਾ । ਹੋਰ ਤਾਂ ਹੋਰ ਜਿੰਨੇ ਵੀ ਫ਼ਲ/ਸਬਜ਼ੀਆਂ ਦੀਵਾਲੀ ਮੌਕੇ ਖਪਤ ਹੁੰਦੇ ਹਨ, ਉਨ੍ਹਾਂ ਨੂੰ ਏਨੀ ਮਾਤਰਾ ਵਿੱਚ ਬਾਜ਼ਾਰ ਵਿੱਚ ਲਿਆਉਣ ਲਈ ਖ਼ਤਰਨਾਕ ਕੈਮੀਕਲਾਂ ਜਾਂ ਟੀਕਿਆਂ ਦੀ ਸਹਾਇਤਾ ਨਾਲ ਪਕਾਇਆ ਜਾਂਦਾ ਹੈ । ਇਨ੍ਹਾਂ ਦੀ ਵਰਤੋਂ ਵੀ ਸੰਜਮ ਨਾਲ ਕੀਤੀ ਜਾਵੇ ।

ਲੋਕਾਂ ਦੀ ਆਰਥਿਕ ਸਥਿਤੀ 'ਤੇ ਵੀ ਬਹੁਤ ਮਾੜਾ ਪ੍ਰਭਾਵ ਪੈਂਦਾ ਹੈ । ਹਰ ਚੀਜ਼ ਦੁੱਗਣੇ-ਤਿੱਗਣੇ ਭਾਅ ਵਿਕਦੀ ਹੈ। ਫਿਰ ਵੀ ਇਹ ਪ੍ਰੰਪਰਾ ਚਲੀ ਆਉਂਦੀ ਹੈ ਕਿ ਇਸ ਦਿਨ ਘਰ ਨਵੇਂ ਭਾਂਡੇ, ਨਵੇਂ ਕੱਪੜੇ, ਸ਼ੋਅਪੀਸ, ਪਰਦੇ, ਚਾਦਰਾਂ ਆਦਿ ਖ਼ਰੀਦਣਾ ਸ਼ੁੱਭ ਮੰਨਿਆ ਜਾਂਦਾ ਹੈ । ਬਾਜ਼ਾਰਾਂ ਵਿੱਚ ਨਿਗਾਹ ਮਾਰੋ ਤਾਂ ਗਿਫਟ-ਪੈਕਾਂ ਨਾਲ ਕਾਰਾਂ ਭਰ ਕੇ ਲੋਕ ਭੱਜੇ ਫਿਰਦੇ ਹਨ, ਜਿਵੇਂ ਕਿਸੇ ਸੰਕਟ ਨੂੰ ਟਾਲਣ ਵਿੱਚ ਲੱਗੇ ਹੋਣ । ਇਸ ਖ਼ਰੀਦੋ-ਫਰੋਖਤ ਨੇ ਦੀਵਾਲੀ ਤੋਂ ਹਫ਼ਤਾ ਪਹਿਲਾਂ ਹੀ ਸੜਕਾਂ 'ਤੇ ਐਨੀ ਭੀੜ ਕਰ ਦਿੱਤੀ ਹੈ ਕਿ ਇੱਥੋਂ ਲੰਘਣਾ ਮੁਹਾਲ ਹੋਇਆ ਪਿਆ ਹੈ । ਕਈ ਕੰਪਨੀਆਂ ਉੱਚੇ ਡਿਸਕਾਊਂਟ ਦੇ ਕੇ, ਐਡਵਰਟਾਈਜ਼ਮੈਂਟਾਂ/ਹੋਰਡਿੰਗਾਂ ਰਾਹੀਂ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਚੀਜ਼ਾਂ ਖ਼ਰੀਦਣ ਲਈ ਮਜ਼ਬੂਰ ਕਰਦੀਆਂ ਹਨ ਅਤੇ ਮਜ਼ਬੂਰਨ ਲੋਕ ਬਹੁਤੀ ਵੇਰਾਂ ਉਹ ਚੀਜ਼ਾਂ ਵੀ ਘਰ ਲੈ ਜਾਂਦੇ ਹਨ ਜਿਨ੍ਹਾਂ ਦੀ ਉਨ੍ਹਾਂ ਨੂੰ ਲੋੜ ਵੀ ਨਹੀਂ ਹੁੰਦੀ ।

ਹੁਣ ਸਵਾਲ ਇਹ ਉੱਠਦਾ ਹੈ ਕਿ ਖ਼ਰੀਦੋ-ਫਰੋਖਤ ਕੁਦਰਤ ਰਾਣੀ ਨੂੰ ਕਿਸ ਤਰ੍ਹਾਂ ਪ੍ਰਭਾਵਿਤ ਕਰਦੀ ਹੈ । ਸਾਰੀਆਂ ਵਸਤਾਂ ਉਨ੍ਹਾਂ ਚੀਜ਼ਾਂ ਤੋਂ ਬਣੀਆਂ ਹਨ ਜੋ ਕੁਦਰਤ ਵਿੱਚੋਂ ਮਿਲਦੀਆਂ ਹਨ, ਮਸਲਨ—ਪਲਾਸਟਿਕ ਧਾਤ, ਕਾਗ਼ਜ਼ ਜਾਂ ਕੱਪੜਾ। ਇਹ ਨਾ-ਨਵਿਆਉਣਯੋਗ ਊਰਜਾ ਸਰੋਤ ਜਿਵੇਂ ਪਥਰਾਟੀ ਬਾਲਣ, ਕੱਚੀਆਂ ਧਾਤਾਂ, ਪੈਟਰੋਲੀਅਮ, ਜਿਨ੍ਹਾਂ ਨੂੰ ਹੌਲੀ-ਹੌਲੀ ਬਣਨ ਵਿੱਚ ਕਰੋੜਾਂ ਸਾਲ ਲੱਗ ਗਏ ਅਤੇ



ਜਿਨ੍ਹਾਂ ਬਾਰੇ ਵਿਗਿਆਨਿਕਾਂ ਦਾ ਅਨੁਮਾਨ ਹੈ ਕਿ ਜੇ ਇਹ ਇਕ ਵਾਰੀ ਖ਼ਤਮ ਹੋ ਗਏ ਤਾਂ ਦੁਬਾਰਾ ਸਾਡੇ ਲਈ ਉਪਲਬਧ ਨਹੀਂ ਹੋਣਗੇ । ਉਦਾਹਰਣ ਵਜੋਂ ਦੀਵਾਲੀ 'ਤੇ ਖ਼ਰੀਦੇ ਗਏ ਸੋਨੇ ਦੇ ਕੰਗਣ ਸੋਨ-ਖਾਣਾਂ 'ਤੇ ਵਾਧੂ ਭਾਰ ਪਾਉਣਗੇ ਅਤੇ ਨਾਲ ਹੀ Mining ਪ੍ਰਕ੍ਰਿਆ ਦੌਰਾਨ ਕਈ Ecosystem ਵੀ ਪ੍ਰਭਾਵਿਤ ਹੋਣਗੇ । ਸੋਚੋ ਜ਼ਰਾ ? ਜਿੰਨਾ ਵੀ ਕੂੜਾ ਕਰਕਟ ਅਸੀਂ ਸੁੱਟਦੇ ਹਾਂ ਇਹ ਕਿੱਥੇ ਜਾਂਦਾ ਹੋਵੇਗਾ ? ਮਨੁੱਖਾਂ ਵੱਲੋਂ ਜੋ ਵੀ Non-degradable ਠੋਸ ਕਰਕਟ (Solid-waste) ਹੈ, ਉਸ ਦੇ ਪ੍ਰਬੰਧਨ ਲਈ ਡੂੰਘੇ ਖੱਡੇ (Land fills) ਖੋਦਣੇ ਚਾਹੀਦੇ ਹਨ। ਅੱਜ ਸੁੱਟੇ ਗਏ ਪਲਾਸਟਿਕ ਖਿਡੌਣੇ ਇਨ੍ਹਾਂ Land fills ਵਿੱਚੋਂ ਕਿੰਨੇ ਦਹਾਕਿਆਂ ਬਾਅਦ ਮਿਲਣਗੇ । **"ਧਰਮ"** ਸਰਬੱਤ ਦਾ ਭਲਾ ਮੰਗਦਾ ਹੈ ਪਰ ਪੈਸੇ, ਸਮੇਂ ਅਤੇ ਸਿਹਤ ਦੀ ਬਰਬਾਦੀ ਕਰਕੇ ਕੋਈ ਤਿਉਹਾਰ ਮਨਾਉਣਾ ਕਿੰਨਾ ਕੁ ਸਾਰਥਕ ਹੈ? ਕੁਝ ਲੋਕ ਤਾਂ ਇਸ ਦਿਨ ਸਿਰਫ਼ ਸ਼ਰਾਬ ਅਤੇ ਜੂਆ ਖੇਡਣ ਨੂੰ ਹੀ ਸਮਰਪਿਤ ਕਰਦੇ ਹਨ? ਕੀ ਇਸੇ ਲਈ ਦੀਵਾਲੀ ਨੂੰ ਪਵਿੱਤਰ ਕਿਹਾ ਜਾਂਦਾ ਹੈ ।

ਤਾਂ ਫਿਰ, ਅਸੀਂ ਕੀ ਕੁਝ ਕਰੀਏ, ਜਿਸ ਨਾਲ ਅਸੀਂ ਇਸ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਦੇ ਨਾਲ-ਨਾਲ ਵਾਤਾਵਰਣ ਨੂੰ ਵੀ ਗੰਧਲਾ ਹੋਣ ਤੋਂ ਬਚਾਈਏ । ਬਾਹਰੀ ਖ਼ੁਸ਼ੀ ਦੇ ਨਾਲ-ਨਾਲ ਅੰਦਰੋਂ ਵੀ ਖ਼ੁਸ਼ ਹੋ ਕੇ ਦੀਵਾਲੀ ਮਨਾਈਏ । ਸਾਰੇ ਉਹ ਕੰਮ ਕਰੀਏ ਜੋ ਸਰਬੱਤ ਦਾ ਭਲਾ ਮੰਗਦੇ ਹੋਣ ।

ਵਾਤਾਵਰਣ ਦੀ ਨਬਜ਼ ਨੂੰ ਪਹਿਚਾਣਦੇ ਹੋਏ ਕਈ ਵਾਤਾਵਰਣ ਪ੍ਰੇਮੀਆਂ/ਸੰਗਠਨਾਂ ਨੇ ਪ੍ਰਚੱਲਿਤ ਰੀਤਾਂ/ਰਿਵਾਜਾਂ ਵਿੱਚ ਲੋੜੀਂਦੇ ਪਰਿਵਰਤਨ ਲਿਆਉਣੇ ਸ਼ੁਰੂ ਕਰ ਦਿੱਤੇ ਹਨ, ਤਾਂ ਜੋ ਇਹ "ਹਰੀ-

ਦੀਵਾਲੀ" ਮਨਾਉਣ ਦੇ ਸੁਪਨੇ ਨਾਲ ਚਾਰੇ ਪਾਸੇ ਹਰਿਆਵਲ ਹੋ ਜਾਵੇ।

ਦੀਵਾਲੀ ਮੌਕੇ ਬਿਜਲੀ-ਲਾਈਟਾਂ ਦੀ ਵਰਤੋਂ ਕਰਕੇ 'ਲੋਡ'ਵਧਾਉਣ ਦੀ ਬਜਾਏ ਅਸੀਂ ਵੱਖ-ਵੱਖ ਪੇੜ-ਪੌਦਿਆਂ/ਵੇਲਾਂ ਦੀ

| ਪਟਾਕਿਆਂ ਨਾਲ ਹਵਾ ਵਿੱਚ ਪੈਦਾ ਹੋਏ ਕੈਮੀਕਲ | ਪ੍ਰਭਾਵ |
|---|---|
| Sulphur Dioxide ($SO_2$) (ਸਲਫਰ ਡਾਇਆਕਸਾਈਡ) | ਸਾਹ ਘੁੱਟਣ ਵਾਲੀ ਸਥਿਤੀ ਪੈਦਾ ਹੋ ਜਾਂਦੀ ਹੈ |
| Nitrozen Dioxide (No2) (ਨਾਈਟਰੋਜਨ ਡਾਇਆਕਸਾਈਡ) | ਸਾਹ ਨਲੀ ਦੀ ਅੰਦਰਲੀ ਪਰਤ ਨਸ਼ਟ ਹੋ ਜਾਂਦੀ ਹੈ, ਜਿਸ ਨਾਲ ਆਕਸੀਜਨ ਸੋਖਣ ਦੀ ਸਮਰੱਥਾ ਘਟ ਜਾਂਦੀ ਹੈ। ਦਮਾ, ਖੰਘ, ਜ਼ੁਕਾਮ, ਗਲੇ, ਛਾਤੀ ਦੇ ਰੋਗ ਹੋ ਜਾਂਦੇ ਹਨ । |
| Maganeze (Mn) (ਮੈਂਗਨੀਜ਼) | ਦੇ ਧੂਏਂ ਨਾਲ ਕੈਂਸਰ, ਉਨੀਂਦਰਾ, ਕਮਜ਼ੋਰੀ, ਬੇਚੈਨੀ ਤੇ ਅਧਰੰਗ ਹੋ ਜਾਂਦਾ ਹੈ । |
| Cadmium (Cd) ਕੈਡਮਿਯਮ | ਦਾ ਧੂੰਆਂ ਸਾਹ ਰਾਹੀਂ ਸਰੀਰ ਵਿੱਚ ਜਾ ਕੇ ਮਨੁੱਖ ਦੇ ਕੇਂਦਰੀ ਨਾੜੀ ਪ੍ਰਬੰਧ ਵਿੱਚ ਵਿਕਾਰ ਪੈਦਾ ਕਰਦਾ ਹੈ, ਫੇਫੜਿਆਂ ਤੇ ਗੁਰਦੇ ਦਾ ਕੈਂਸਰ ਅਤੇ ਛੋਟੇ ਬੱਚਿਆਂ ਵਿੱਚ ਦਿਮਾਗ਼ੀ ਸਿਥਿਲਤਾ ਤੇ ਵਿਘਨ ਪੈਦਾ ਹੋ ਜਾਂਦੇ ਹਨ। |
| Magnesium (Mg) (ਮੈਗਨੇਸ਼ੀਅਮ) | ਦੇ ਧੂੰਏਂ ਨਾਲ ਬੁਖ਼ਾਰ ਆ ਜਾਂਦਾ ਹੈ ਅਤੇ ਗੈਸ ਗੈਂਗਰੀਨ ਪੈਦਾ ਹੋ ਜਾਂਦੀ ਹੈ। |

ਚੋਣ ਕਰਕੇ ਜਿਵੇਂ ਰਾਤ ਦੀ ਰਾਣੀ, ਕਲੀ, ਹੋਰ ਕਈ ਕਿਸਮ ਦੇ ਸਜਾਵਟੀ ਪੌਦੇ ਦੀਆਂ ਕਿਸਮਾਂ ਆਦਿ ਨਾਲ ਘਰ ਦੀਆਂ ਖਿੜਕੀਆਂ, ਛੱਤਾਂ ਨੂੰ ਨਵੀਂ ਦਿੱਖ ਦੇ ਕੇ, ਸਦੀਵੀ ਸਜਾਵਟ ਪ੍ਰਦਾਨ ਕਰ ਸਕਦੇ ਹਾਂ। ਇਹ ਗਮਲਿਆਂ ਵਿੱਚ ਲੱਗੇ ਹੋਏ ਪੌਦੇ ਆਕਸੀਜਨ ਦੇ ਨਾਲ-ਨਾਲ, ਖ਼ੁਸ਼ਬੂ ਅਤੇ ਰੋਸ਼ਨੀ ਦੇ ਪ੍ਰਭਾਵ ਵੀ ਦੇਣਗੇ। ਇਹ ਹਰਿਆਲੀ-ਵਿਕਲਪ ਤਤਕਾਲੀ ਖ਼ੁਸ਼ੀ ਨਹੀਂ ਸਗੋਂ ਸਾਡੀ ਹਰ ਦੀਵਾਲੀ ਨੂੰ ਹੋਰ ਵੀ ਵੱਧ ਮਹਿਕਾਉਣਗੇ ।



ਕੁਝ ਕੁ ਲੋਕ (ਨੌਜਵਾਨ-ਵਰਗ) "ਆਤਿਸ਼ਬਾਜ਼ੀ" ਦਾ ਮਤਲਬ "ਟੋਟਲ-ਫ਼ੰਨ" ਸਮਝਦੇ ਹਨ । ਉਨ੍ਹਾਂ ਦੀ ਮਨੋ-ਬਿਰਤੀ ਨੂੰ ਸਮਝਣਾ ਸਮਝਾਉਣਾ ਮੁਸ਼ਕਲ ਹੈ । ਪਰ ਕੁਝ ਕੁ ਸਿਆਣੇ ਲੋਕ ਅੱਜਕੱਲ੍ਹ ਬਜ਼ਾਰ ਵਿੱਚ ਉਪਲਬਧ 563 (ECO-FRIENDLY CRACKERS) ਪਟਾਕੇ ਚੁਣਦੇ ਹਨ, ਜੋ ਕਿ ਉਨੀ ਹੀ ਰੋਸ਼ਨੀ ਅਤੇ ਆਵਾਜ਼ ਪੈਦਾ ਕਰਦੇ ਹਨ ਜੋ ਮਨੁੱਖੀ ਸਿਹਤ ਲਈ ਪ੍ਰਦੂਸ਼ਣ ਕੰਟਰੋਲ ਬੋਰਡਾਂ ਵੱਲੋਂ ਨਿਰਧਾਰਿਤ ਕੀਤੀ ਹੈ । ਸਾਰੀ ਆਤਿਸ਼ਬਾਜ਼ੀ ਦੀਆਂ ਕਿਸਮਾਂ ੫੬੩ ਵਿੱਚ ਹਨ ਜਿਵੇਂ "ਪੂਜਾ-ਸਪੈਸ਼ਲ" ਜੋ ਕਿ ੫ ਤੋਂ ੧੫ ਮਿੰਟ, ਲਈ ਵੱਖ-ਵੱਖ ਰੰਗਾਂ ਦੀਆਂ ਰੋਸ਼ਨੀਆਂ ਖਿਲਾਰਦੇ ਹਨ ਅਤੇ ਇਹ "ਦੀਵਾਲੀ ਪੂਜਾ" ਦੇ ਦੌਰਾਨ ਵੀ ਵਰਤੇ ਜਾਂਦੇ ਹਨ ਅਤੇ ਰੇਟ ਵੀ ਬਿਲਕੁਲ ਵਾਜਿਬ।

ਪਰ ਉੱਚ-ਕੋਟੀ ਦੇ ਸੂਝਵਾਨ ਲੋਕ ਪਟਾਕੇ ਅਤੇ ਆਤਿਸ਼ਬਾਜ਼ੀ 'ਤੇ ਪੈਸਾ, ਸਮਾਂ ਅਤੇ ਵਾਤਾਵਰਣ ਬਰਬਾਦ ਕਰਨ ਦੀ ਬਜਾਏ ਇਹ ਪ੍ਰਣ ਕਰਦੇ ਹਨ ਕਿ ਇਸ **"ਰੌਸ਼ਨੀ ਦੇ ਤਿਉਹਾਰ"** ਮੌਕੇ **"ਇਕ ਅਨਾਥ"** ਨੂੰ ਅਪਣਾ ਕੇ ਉਸ ਦੇ ਹਨੇਰੇ ਜੀਵਨ ਵਿੱਚ ਸਹੀ ਮਾਅਨੇ ਵਿੱਚ ਰੌਸ਼ਨੀ ਭਰੀ ਜਾਵੇ । ਉਸ ਦੀ ਜ਼ਿੰਦਗੀ ਨੂੰ ਨਵੇਂ ਅਰਥ ਦੇ ਕੇ ਸਵਾਰਿਆ ਜਾਵੇ।

ਗਿਫਟਾਂ ਦੇ ਅਦਾਨ-ਪ੍ਰਦਾਨ ਨਾਲ ਵੀ ਵਾਤਾਵਰਣ "ਲੋਡ" ਮੰਨਦਾ ਹੈ। ECO-GIFTS ਵਾਲੇ ਵਿਕਲਪ ਵੀ ਮੌਜੂਦ ਹਨ ਜਿਵੇਂ ਸਦਾਬਹਾਰ ਔਰਨਾਮੈਂਟਲ ਪੌਦੇ, ਘਰ ਦੀ ਬਣੀ ਮਿਠਾਈ, ਲੋਕਲ ਕਲਾਕਾਰਾਂ ਦੁਆਰਾ ਕੀਤੀ ਗਈ ਮੀਨਾਕਾਰੀ ਵਾਲੇ ਗਿਫਟ—ਮੂਰਤੀਆਂ, ਟੋਕਰੀਆਂ, ਮੂੜ੍ਹੇ, ਪੀੜ੍ਹੀਆਂ, ਚਰਖੇ, ਜੋ ਕਿ ਆਪਣੇ ਪੁਰਾਤਨ ਸੱਭਿਆਚਾਰ ਨਾਲ ਵੀ ਜੋੜਦੇ ਹਨ ।

ਜੇਕਰ ਸੱਚਮੁੱਚ ਹੀ "**ਹਰੀ ਦੀਵਾਲੀ**" ਦੇ ਮਹੱਤਵ ਨੂੰ ਸਮਝਦੇ ਹਾਂ ਤਾਂ ਸੂਰਜੀ ਊਰਜਾ ਯੰਤਰਾਂ ਦੀ ਚੋਣ "**ਅਸਲ ਸੁਗਾਤ**" ਹੋਵੇਗਾ; ਜਿਵੇਂ ਕਿ ਸੋਲਰ-ਚਾਰਜਰ-ਮੋਬਾਈਲ, ਆਈ-ਪੌਡ, MP3 ਪਲੇਅਰ, ਡਿਜ਼ੀਟਲ-ਮੂਵੀ ਕੈਮਰੇ, ਨੂੰ ਚਾਰਜ ਕਰਨ ਲਈ ਵਰਤਿਆ ਜਾਂਦਾ ਹੈ।

ਮਹਿੰਗੇ ਗ੍ਰੀਟਿੰਗ-ਕਾਰਡਾਂ ਦੀ ਬਜਾਏ ਇੰਟਰਨੈੱਟ 'ਤੇ ਉਪਲਬਧ ਸਸਤਾ, ਵਧੀਆ ਅਤੇ ਸਭ ਤੋਂ ਤੇਜ਼ ਪਹੁੰਚਣ ਵਾਲਾ ਤਰੀਕਾ ਅਪਣਾਇਆ ਜਾ ਸਕਦਾ ਹੈ ਜਾਂ SMS ਰਾਹੀਂ ਵੀ ਮੁਬਾਰਕਾਂ ਭੇਜੀਆਂ ਜਾ ਸਕਦੀਆਂ ਹਨ।

ਊਰਜਾ ਦੀ ਵੱਧ ਤੋਂ ਵੱਧ ਬਚਤ ਲਈ 5R's ਹਰਦਮ ਚੇਤੇ ਰੱਖੀਏ :-

REDUCE : ਵਰਤੋਂ ਵਿੱਚ ਆਉਣ ਵਾਲੀਆਂ ਵਸਤਾਂ ਘਟਾਈਏ ।

REUSE : ਮੁੜ ਵਰਤੋਂ ਵਾਲੇ ਸਿਧਾਂਤ ਅਨੁਸਾਰ ਜੇ ਕੋਈ ਵਸਤੂ ਦੁਬਾਰਾ ਵਰਤਣਯੋਗ ਹੈ ਤਾਂ ਜ਼ਰੂਰ ਵਰਤੀ ਜਾਵੇ ।

RECYCLE : ਬੇਕਾਰ ਹੋ ਚੁੱਕੀਆਂ ਵਸਤਾਂ ਨੂੰ ਰੀਸਾਈਕਲ ਕੀਤਾ ਜਾ ਸਕਦਾ ਹੈ ।

RETHINK : ਕੋਈ ਚੀਜ਼ ਖ਼ਰੀਦਣ ਤੋਂ ਪਹਿਲਾਂ ਜ਼ਰੂਰ ਸੋਚੋ ਕਿ ਇਸ ਦੀ ਸਾਨੂੰ ਲੋੜ ਵੀ ਹੈ ਕਿ ਨਹੀਂ ।

REFUSE : ਸਿਰਫ਼ ਡਿਸਕਾਊਂਟ ਕਰਕੇ ਜਾਂ ਬਿਨਾਂ ਲੋੜ ਤੋਂ ਚੀਜ਼ਾਂ ਖ਼ਰੀਦਣ ਤੋਂ ਗੁਰੇਜ਼ ਕਰੋ ।

ਵੱਧ ਤੋਂ ਵੱਧ ਰੁੱਖ ਲਾਈਏ, ਨੈਤਿਕਤਾ ਦੇ ਡਿੱਗਦੇ ਹੋਏ ਮਿਆਰ ਨੂੰ ਉੱਚਾ ਚੁੱਕਣ ਲਈ ਸਕੂਲਾਂ/ਕਾਲਜਾਂ ਦੇ ਨੌਜਵਾਨਾਂ ਲਈ ਸੈਮੀਨਾਰਾਂ/ਕੈਂਪਾਂ ਆਦਿ ਦਾ ਪ੍ਰਬੰਧ ਕਰਵਾਉਣਾ ਚਾਹੀਦਾ ਹੈ ਤਾਂ ਜੋ ਉਹ



ਭਵਿੱਖ ਦੇ ਨਿਰਮਾਤਾ ਹੋਣ ਦੇ ਨਾਤੇ ਸਾਡੇ ਦੇਸ਼ ਦੇ ਅਮੀਰ ਵਿਰਸੇ ਅਤੇ ਸੱਭਿਆਚਾਰ ਨਾਲ ਜੁੜਨ ਅਤੇ ਵਾਤਾਵਰਣ ਦੀ ਸੰਭਾਲ ਵਾਸਤੇ ਹਰ ਸੰਭਵ ਯਤਨ ਕਰਨ ਅਤੇ ਹੋਰਨਾਂ ਨੂੰ ਵੀ ਕਰਾਉਣ ।

ਦੀਵਾਲੀ ਦੇ ਸਾਰੇ ਕਾਰਜਾਂ ਨੂੰ ਵਾਤਾਵਰਣੀ ਸੁਮੇਲਤਾ ਦਾ ਰੂਪ ਦੇਣ ਲਈ ਜ਼ੋਰਦਾਰ ਜਨ-ਚੇਤਨਤਾ ਮੁਹਿੰਮਾਂ ਦੀ ਲੋੜ ਹੈ । ਇਸ ਲਈ ਸਮਾਜ ਸੇਵੀ ਸੰਸਥਾਵਾਂ ਅਤੇ ਐਨ.ਜੀ.ਓਜ਼.ਅੱਗੇ ਆਉਣ ।

ਅਸੀਂ ਇਸ ਖ਼ੁਸ਼ੀਆਂ-ਖੇੜਿਆਂ ਦੇ ਤਿਉਹਾਰ ਨੂੰ ਸਿਹਤਮੰਦ ਸਮਾਜ ਦਾ ਆਧਾਰ ਬਣਾਉਣਾ ਹੈ ਨਾ ਕਿ ਪ੍ਰਦੂਸ਼ਣ ਦਾ-ਜਨਮਦਾਤਾ ।ਪੂਰੇ ਦੇਸ਼ ਵਿੱਚ ਵਾਤਾਵਰਣੀ-ਸ਼ੁੱਧਤਾ ਬਣਾਈ ਰੱਖਣ ਲਈ ਅਜਿਹੇ ਢੰਗ-ਤਰੀਕੇ ਖੋਜਣ ਦੀ ਲੋੜ ਹੈ, ਜਿਨ੍ਹਾਂ ਨਾਲ ਲੋਕਾਂ ਦੀ ਸ਼ਰਧਾ, ਉਤਸ਼ਾਹ ਅਤੇ ਪਿਆਰ ਬਣਿਆ ਰਹੇ ਤੇ ਵਾਤਾਵਰਣ ਦਾ ਵੀ ਨੁਕਸਾਨ ਨਾ ਹੋਵੇ, ਅਜੋਕੇ ਸਮੇਂ ਦੀ ਮੰਗ ਹੈ ।

ਅਸੀਂ ਇਸ ਸ਼ੁੱਭ ਮੌਕੇ ਹਰ ਕੂੜ-ਹਨੇਰੇ ਦਾ ਟਾਕਰਾ ਕਰਨਾ ਹੈ। ਆਉ ਆਪਣੇ ਆਪ ਨੂੰ ਸਮਰਪਿਤ ਕਰੀਏ ਇਸ ਮਨੁੱਖਤਾ ਨੂੰ, ਉਸ ਦੇ ਅਸਲ ਮਕਸਦਾਂ ਤੋਂ ਜਾਣੂ ਕਰਾਉਣ ਵਾਸਤੇ ।

(ਰੋਜ਼ਾਨਾ ਪੰਜਾਬੀ ਟ੍ਰਿਬਿਊਨ 21-10-2008 ਵਿੱਚੋਂ ਧੰਨਵਾਦ ਸਹਿਤ!)

# ਪਟਾਕਿਆਂ ਦੇ ਖ਼ਤਰਨਾਕ ਪ੍ਰਭਾਵ

ਡਾ: ਹਰਸ਼ਿੰਦਰ ਕੌਰ

ਮੈਂ ਉਸ ਵੇਲੇ ਇੰਟਰਨਸ਼ਿਪ ਦੌਰਾਨ ਰਾਜਿੰਦਰਾ ਹਸਪਤਾਲ ਵਿੱਚ ਕੰਮ ਕਰ ਰਹੀ ਸਾਂ । ਦੀਵਾਲੀ ਦਾ ਦਿਨ ਸੀ । ਮੇਰੇ ਨਾਲ ਦੇ ਹੋਸਟਲਾਂ ਵਿੱਚ ਰਹਿੰਦੇ ਡਾਕਟਰ ਛੁੱਟੀ ਕਾਰਨ ਘਰ ਚਲੇ ਗਏ ਸਨ । ਮੈਂ ਪਟਿਆਲੇ ਰਹਿਣ ਕਰਕੇ ਉਸ ਦਿਨ ਡਿਊਟੀ ਉੱਤੇ ਸਾਂ । ਸਵੇਰ ਵੇਲੇ ਇਕ ਵੀ ਕੇਸ ਨਾ ਆਇਆ । ਅਸੀਂ ਖ਼ੁਸ਼ ਸਾਂ ਕਿ ਕੋਈ ਮਰੀਜ਼ ਨਹੀਂ ਆਇਆ । ਸਾਰੇ ਤਿਉਹਾਰ ਵਿੱਚ ਰੁੱਝੇ ਹੋਏ ਹੋਣਗੇ। ਰਾਤ ਅੱਠ ਵਜੇ ਮੈਂ ਡਿਊਟੀ ਮੁਕਾ ਕੇ ਘਰ ਜਾਣਾ ਸੀ । ਸ਼ਾਮ ਦੇ ਪੰਜ ਵਜੇ ਸਨ ਕਿ ਚੀਕਦੇ-ਕਰਲਾਉਂਦੇ ਚਾਰ ਜਣੇ ਬੱਚਾ ਵਾਰਡ ਅੰਦਰ ਆਏ । ਉਨ੍ਹਾਂ ਨੇ ਇਕ ਬੱਚਾ ਚੁੱਕਿਆ ਹੋਇਆ ਸੀ, ਜਿਸਦਾ ਮੂੰਹ ਬੁਰੀ ਤਰ੍ਹਾਂ ਝੁਲਸਿਆ ਹੋਇਆ ਸੀ ਤੇ ਕਿਤੇ-ਕਿਤੇ ਲਹੂ ਵੀ ਵਗ ਰਿਹਾ ਸੀ । ਉਸ ਦੇ ਮੂੰਹ ਉੱਤੇ ਚਿੱਟਾ ਜਿਹਾ ਲੇਪ ਲਾਇਆ ਹੋਇਆ ਸੀ ਅਤੇ ਇਕ ਗੰਦਾ ਜਿਹਾ ਛੋਟਾ ਜਿਹਾ ਕੱਪੜਾ ਲਪੇਟਿਆ ਹੋਇਆ ਸੀ ਜੋ ਲਹੂ ਨਾਲ ਭਿੱਜਿਆ ਪਿਆ ਸੀ ।

ਪੂਰਾ ਚੈਕ-ਅੱਪ ਕਰਨ ਤੋਂ ਬਾਅਦ ਪਤਾ ਲੱਗਿਆ ਕਿ ਉਸ ਬੱਚੇ ਦੀਆਂ ਦੋਵੇਂ ਅੱਖਾਂ ਹਮੇਸ਼ਾਂ ਲਈ ਖ਼ਤਮ ਹੋ ਚੁੱਕੀਆਂ ਹਨ । ਪੁੱਛਣ ਉੱਤੇ ਪਤਾ ਲੱਗਿਆ ਕਿ ਉਸ ਬੱਚੇ ਨੇ ਅਨਾਰ ਚਲਾਉਣ ਦੀ ਕੋਸ਼ਿਸ਼ ਕੀਤੀ ਸੀ, ਜੋ ਨਹੀਂ ਚੱਲਿਆ । ਜਦੋਂ ਉਸ ਨੇ ਉਸ ਨੂੰ ਚੁੱਕ ਕੇ ਅੱਖਾਂ ਨੇੜੇ ਲਿਆ ਕੇ ਵੇਖਣ ਦੀ ਕੋਸ਼ਿਸ਼ ਕੀਤੀ ਤਾਂ ਉਹ ਫਟ ਗਿਆ। ਆਂਢ-ਗੁਆਂਢ ਅਤੇ ਘਰ ਵਾਲਿਆਂ ਨੇ ਟੂਥਪੇਸਟ ਮਲ ਕੇ ਚੰਗੀ ਤਰ੍ਹਾਂ ਗਰਮ ਸ਼ਾਲ ਵਿੱਚ ਲਪੇਟ ਕੇ ਉਸ ਬੱਚੇ ਦਾ ਮੂੰਹ ਮਲ ਦਿੱਤਾ । ਨਤੀਜਾ ਸਾਹਮਣੇ ਸੀ, ਬੱਚੇ ਦੇ ਹੱਥ, ਛਾਤੀ ਅਤੇ ਮੂੰਹ ਸੜ ਚੁੱਕੇ ਸਨ ਤੇ ਅੱਖਾਂ ਦੀ ਰੌਸ਼ਨੀ ਖ਼ਤਮ ਹੋ ਚੁੱਕੀ ਸੀ । ਇਹ ਪਹਿਲਾ ਕੇਸ ਸੀ ਜਿਸਨੇ ਸਾਡਾ



ਮੂਡ ਖ਼ਰਾਬ ਕਰ ਦਿੱਤਾ । ਮਾਪਿਆਂ ਦੇ ਵੈਣ ਸੁਣੇ ਨਹੀਂ ਸਨ ਜਾਂਦੇ, ਪਰ ਗ਼ਲਤੀ ਉਨ੍ਹਾਂ ਦੀ ਆਪਣੀ ਸੀ ।

ਫੇਰ ਤਾਂ ਜਿਵੇਂ ਹੱਦ ਹੀ ਹੋ ਗਈ। ਰਾਤ ਅੱਠ ਵਜੇ ਡਿਊਟੀ ਖ਼ਤਮ ਹੋਣ ਤਕ ਲਾਈਨ ਹੀ ਬੱਝ ਗਈ ਸੀ । ਇਕ ਪਲ ਵੀ ਵਿਹਲ ਨਾ ਮਿਲਿਆ । ਲਗਾਤਾਰ ਪਟਾਕਿਆਂ ਨਾਲ ਸੜੇ ਬੱਚਿਆਂ ਦੇ ਕੇਸ ਆਉਂਦੇ ਰਹੇ । ਏਨੇ ਸੜੇ ਹੋਏ ਕੇਸ ਵੇਖ ਕੇ ਘਰ ਵਾਪਸ ਆ ਕੇ ਕੌਣ ਪਟਾਕੇ ਚਲਾ ਸਕਦਾ ਸੀ ? ਮੇਰਾ ਤਾਂ ਉੱਕਾ ਹੀ ਜੀਅ ਨਹੀਂ ਕੀਤਾ । ਉਸ ਦੀਵਾਲੀ ਉੱਤੇ ਸਿਰਫ਼ ਮੋਮਬੱਤੀਆਂ ਬਾਲ ਕੇ ਹੀ ਦੀਵਾਲੀ ਮਨਾਈ।

ਉਹ ਕੋਈ ਪਹਿਲੀ ਅਤੇ ਆਖ਼ਰੀ ਵਾਰ ਨਹੀਂ ਸੀ ਕਿ ਪਟਾਕਿਆਂ ਨਾਲ ਕੋਈ ਸੜਿਆ ਨਾ ਹੋਵੇ । ਹਰ ਸਾਲ ਪਟਾਕਿਆਂ ਕਾਰਨ ਅਨੇਕਾਂ ਸੜੇ ਹੋਏ ਬੱਚੇ ਹਸਪਤਾਲਾਂ ਵਿੱਚ ਪੁੱਜਦੇ ਹਨ; ਪਰ ਇਸ ਦੇ ਬਾਵਜੂਦ ਲੋਕ ਇਨ੍ਹਾਂ ਦੀ ਵਰਤੋਂ ਤੋਂ ਗੁਰੇਜ਼ ਨਹੀਂ ਕਰਦੇ । ਜੈਪੁਰ ਦੇ ਇਕ ਵੱਡੇ ਅੱਖਾਂ ਦੇ ਹਸਪਤਾਲ ਅਤੇ ਸੂਰਤ ਦੇ ਮੈਡੀਕਲ ਕਾਲਜ ਵਿੱਚ ਕੀਤੀ ਜਾ ਰਹੀ ਖੋਜ ਅਨੁਸਾਰ ਬਹੁਗਿਣਤੀ ਸੜੇ ਹੋਏ ਕੇਸ ੧੨ ਸਾਲ ਤੋਂ ਛੋਟੇ ਬੱਚਿਆਂ ਦੇ ਹੁੰਦੇ ਹਨ ਤੇ ਇਨ੍ਹਾਂ 'ਚੋਂ ਵੀ ਜ਼ਿਆਦਾਤਰ ਮੁੰਡੇ ਹੀ ਹੁੰਦੇ ਹਨ । ਬਹੁਤੇ ਕੇਸ ਬੰਬ ਫਟਣ ਵਾਲੇ ਹੁੰਦੇ ਹਨ, ਖ਼ਾਸ ਕਰ ਕੇ ਜਦੋਂ ਬੰਬ ਨਾ ਫਟੇ ਤੇ ਉਸ ਨੂੰ ਚੁੱਕ ਕੇ ਜਾਂ ਝੁਕ ਕੇ ਨੇੜੇ ਹੋ ਕੇ ਵੇਖਣ ਦੀ ਕੋਸ਼ਿਸ਼ ਕੀਤੀ ਗਈ ਹੋਵੇ । ਲਗਭਗ ਏਨੀ ਹੀ ਗਿਣਤੀ ਦੇ ਕੇਸ ਕਿਸੇ ਵੱਲੋਂ ਪਟਾਕਾ ਪਰ੍ਹੇ ਸੁੱਟਣ ਕਾਰਨ ਬੇਧਿਆਨੇ ਲੰਘ ਰਹੇ ਵਿਅਕਤੀ ਜਾਂ ਦੂਰ ਖੜ੍ਹੇ ਬੰਦੇ ਦੇ ਸੜਨ ਨਾਲ ਸੰਬੰਧਿਤ ਹੁੰਦੇ ਹਨ । ਖੋਜ ਨੇ ਸਾਬਤ ਕੀਤਾ ਹੈ ਕਿ ਜ਼ਿਆਦਾਤਰ ਮਾਮਲਿਆਂ ਵਿੱਚ ਬੱਚਿਆਂ ਦੇ ਮਾਪੇ ਉਨ੍ਹਾਂ ਦੇ ਨੇੜੇ ਨਹੀਂ ਹੁੰਦੇ । ਸਿਰਫ਼ ਬੰਬ ਹੀ ਨਹੀਂ ਛੋਟੇ ਪਟਾਕਿਆਂ ਦੇ ਪੈਕਟ, ਫੁੱਲਝੜੀਆਂ, ਚਰਖੜੀਆਂ, ਅਨਾਰ ਅਤੇ ਸਟਿੱਕਾਂ ਨਾਲ ਵੀ ਬੱਚੇ ਸੜਦੇ ਵੇਖੇ ਗਏ ਹਨ ।

ਇਨ੍ਹਾਂ ਸਭ ਚੀਜ਼ਾਂ ਤੋਂ ਖ਼ਤਰਨਾਕ ਹੁੰਦਾ ਹੈ ਦੇਸੀ ਅਨਾਰ ਬੰਬ, ਜਿਸ ਵਿੱਚ ਬਚਿਆ ਹੋਇਆ ਖੁੱਲ੍ਹਾ ਮਸਾਲਾ ਭਰ ਕੇ ਸੀਲ ਕਰ ਦਿੱਤਾ ਜਾਂਦਾ ਹੈ । ਸੜਨ ਦੇ ਬਹੁਤੇ ਕੇਸ ਸ਼ਾਮ ਸਾਢੇ ਕੁ ਪੰਜ ਤੋਂ ਲੈ ਕੇ ਰਾਤ 12 ਵਜੇ ਤਕ ਤੇ ਸਵੇਰੇ ੬ ਤੋਂ ੧੧ ਕੁ ਵਜੇ ਤਕ ਵੇਖਣ ਨੂੰ ਮਿਲਦੇ ਹਨ । ਬੋਤਲ ਵਿੱਚ ਰੱਖੀ ਹੋਈ ਆਤਿਸ਼ਬਾਜ਼ੀ ਨਾਲ ਜੇ ਬੋਤਲ ਫਟ ਜਾਵੇ ਤਾਂ ਸ਼ੀਸ਼ੇ ਦੇ ਟੋਟਿਆਂ ਨਾਲ ਕਾਫ਼ੀ ਡੂੰਘੇ ਜ਼ਖ਼ਮ ਹੋ ਜਾਂਦੇ ਹਨ । ਅੱਖ ਵਿਚਲੇ ਜ਼ਖ਼ਮ ਕਈ ਤਰ੍ਹਾਂ ਦੇ ਹੋ ਸਕਦੇ ਹਨ, ਜਿਸ ਵਿੱਚ ਡੇਲੇ ਦੇ ਕਾਲੇ ਹਿੱਸੇ ਉੱਤੇ ਦਾਗ਼, ਅੱਖ ਵਿਚਲੇ ਲੈਂਸ ਦਾ ਨਿਕਲ ਜਾਣਾ, ਅੱਖ ਫਿਸ ਜਾਣੀ ਜਾਂ ਬਾਹਰ ਨਿਕਲ ਜਾਣੀ, ਰੈਟੀਨਾ ਸੜ ਜਾਣਾ, ਅੱਖਾਂ ਅੰਦਰ ਕੁਝ ਫਸ ਜਾਣ ਤੋਂ ਲੈ ਕੇ ਮੂੰਹ ਜਾਂ ਸਰੀਰ ਦੇ ਹੋਰ ਹਿੱਸੇ ਸੜਨ ਜਾਂ ਕੋਈ ਅੰਗ ਨਕਾਰਾ ਹੋ ਜਾਣਾ ਸ਼ਾਮਲ ਹੈ ।

ਕਈ ਵਾਰ ਤਾਂ ਕੇਸ ਵਿਗੜਦੇ ਹੀ ਇਸ ਲਈ ਹਨ ਕਿ ਘਰ ਵਿੱਚ ਹੀ ਓਹੜ-ਪੋਹੜ ਕਰਨ ਵਿੱਚ ਕਾਫ਼ੀ ਸਮਾਂ ਲੰਘਾ ਦਿੱਤਾ ਜਾਂਦਾ ਹੈ ਜਾਂ ਗ਼ਲਤ ਚੀਜ਼ਾਂ ਸੜੀ ਹੋਈ ਚਮੜੀ ਉੱਤੇ ਲਗਾ ਦਿੱਤੀਆਂ ਜਾਂਦੀਆਂ ਹਨ । ਭਾਵੇਂ ਬਾਲ-ਮਜ਼ਦੂਰੀ ਰੋਕਣ ਦੇ ਕਿੰਨੇ ਹੀ ਕਾਨੂੰਨ ਬਣੇ ਹੋਏ ਹਨ, ਪਰ ਅਸਲ ਵਿੱਚ ਪਟਾਕਿਆਂ ਦੀਆਂ ਫੈਕਟਰੀਆਂ ਹਾਲੇ ਵੀ ਬਾਲ ਮਜ਼ਦੂਰਾਂ ਉੱਤੇ ਹੀ ਨਿਰਭਰ ਹਨ । ਇਸੇ ਲਈ ਸਿਰਫ਼ ਚਲਾਉਣ ਲੱਗਿਆਂ ਹੀ ਨਹੀਂ ਬਲਕਿ ਪਟਾਕੇ ਬਣਾਉਣ ਲੱਗਿਆਂ ਵੀ ਕਾਫ਼ੀ ਬੱਚੇ ਸੜ ਜਾਂਦੇ ਹਨ ਜਿਨ੍ਹਾਂ ਨੂੰ ਕੋਈ ਮੁਆਵਜ਼ਾ ਨਹੀਂ ਮਿਲਦਾ, ਕਿਉਂਕਿ ਉਹ ਬਾਰ੍ਹਾਂ ਵਰ੍ਹਿਆਂ ਤੋਂ ਹੇਠਾਂ ਦੀ ਉਮਰ ਦੇ ਹੁੰਦੇ ਹਨ ਤੇ ਅਨਪੜ੍ਹ ਹੁੰਦੇ ਹੋਏ ਆਪਣੇ ਹੱਕਾਂ ਤੋਂ ਉੱਕਾ ਹੀ ਅਣਜਾਣ ਹੁੰਦੇ ਹਨ । ਜਿਹੜੇ ਫਿਊਜ਼ ਪਟਾਕੇ ਨੂੰ ਫੱਟਣ ਤੋਂ ਰੋਕਣ ਲਈ ਵਰਤੇ ਜਾ ਰਹੇ ਹਨ, ਉਹ ਵੀ ਪੈਸੇ ਬਚਾਉਣ ਖ਼ਾਤਰ ਘਟੀਆ ਕਿਸਮ ਦੇ ਹੀ ਵਰਤੇ ਜਾ ਰਹੇ ਹਨ, ਜਿਸ ਨਾਲ ਪਟਾਕੇ ਨੂੰ ਅੱਗ ਲਾਉਂਦੇ ਸਾਰ ਹੀ ਉਹ ਫਟ ਜਾਂਦਾ ਹੈ ਤੇ



ਦੂਰ ਜਾਣ ਦਾ ਸਮਾਂ ਵੀ ਨਹੀਂ ਮਿਲਦਾ । ਇਸੇ ਤਰ੍ਹਾਂ ਪਟਾਕਿਆਂ ਉੱਤੇ ਕੁਆਲਿਟੀ ਸੰਬੰਧੀ ਆਈ.ਐੱਸ.ਆਈ. ਮਾਰਕਾ ਵੀ ਲੱਗਿਆ ਨਹੀਂ ਮਿਲਦਾ । ਪਟਾਕਿਆਂ ਸੰਬੰਧੀ ਜਾਗਰੂਕਤਾ ਪੈਦਾ ਕਰਨ ਲਈ ਮੀਡੀਆ ਅਤੇ ਅਧਿਆਪਕ ਅਹਿਮ ਭੂਮਿਕਾ ਨਿਭਾ ਸਕਦੇ ਹਨ । ਪਟਾਕਿਆਂ ਕਾਰਨ ਪੈਦਾ ਹੁੰਦੇ ਧੂੰਏਂ ਨਾਲ ਦਮੇ, ਸਾਹ ਦੀਆਂ ਬੀਮਾਰੀਆਂ, ਅੱਖਾਂ ਅਤੇ ਚਮੜੀ ਦੀ ਐਲਰਜੀ ਦੇ ਕੇਸਾਂ ਵਿੱਚ ਬੇਹਿਸਾਬ ਵਾਧਾ ਹੋ ਜਾਂਦਾ ਹੈ ।

ਜੇ ਪਟਾਕੇ ਜ਼ਰੂਰੀ ਚਲਾਉਣੇ ਹਨ ਤਾਂ ਸ਼ਹਿਰ ਜਾਂ ਪਿੰਡ ਵਿੱਚ ਕੋਈ ਇਕ ਵੱਡਾ ਪਾਰਕ ਜਾਂ ਮੈਦਾਨ ਇਸ ਕੰਮ ਲਈ ਵੱਖਰਾ ਕਰ ਦਿੱਤਾ ਜਾਣਾ ਚਾਹੀਦਾ ਹੈ ਤਾਂ ਕਿ ਸਾਰੇ ਰਲ ਕੇ ਉਸੇ ਥਾਂ ਉੱਤੇ ਪਟਾਕੇ ਚਲਾਉਣ, ਤਾਂ ਜੋ ਰਾਹ ਜਾਂਦਿਆਂ ਉੱਤੇ ਕਿਸੇ ਨੂੰ ਕੋਈ ਨੁਕਸਾਨ ਨਾ ਪੁੱਜੇ। ਪਟਾਕਿਆਂ ਉੱਤੇ ਆਈ.ਐਸ.ਆਈ. ਮਾਰਕਾ ਜਾਂ "ਕੁਆਲਿਟੀ ਚੈੱਕ" ਲਾਜ਼ਮੀ ਕਰ ਦੇਣਾ ਚਾਹੀਦਾ ਹੈ । ਪਟਾਕਿਆਂ ਦੇ ਹਰ ਪੈਕਟ ਉੱਤੇ ਉਸ ਨੂੰ ਠੀਕ ਢੰਗ ਨਾਲ ਚਲਾਉਣ ਲਈ ਹਦਾਇਤਾਂ ਅਤੇ ਸੜ ਜਾਣ ਉੱਤੇ ਕੀ ਕੀਤਾ ਜਾਣਾ ਚਾਹੀਦਾ ਹੈ, ਬਾਰੇ ਲਿਖਿਆ ਲਾਜ਼ਮੀ ਹੋਣਾ ਚਾਹੀਦਾ ਹੈ । ਹਰ ਘਰ ਵਿੱਚ **"ਮੁੱਢਲੀ ਸਹਾਇਤਾ ਕਿੱਟ"** ਰੱਖਣੀ ਜ਼ਰੂਰੀ ਹੈ ਜਿਸ ਵਿੱਚ ਅੱਖਾਂ ਵਿੱਚ ਪਾਉਣ ਵਾਲੀ ਦਵਾਈ ਜ਼ਰੂਰ ਹੋਵੇ। ਪਟਾਕੇ ਚਲਾਉਣ ਲੱਗਿਆਂ ਕੋਲ ਪਾਣੀ ਦੀ ਭਰੀ ਹੋਈ ਬਾਲਟੀ ਜ਼ਰੂਰ ਰੱਖਣੀ ਚਾਹੀਦੀ ਹੈ । ਕਦੇ ਵੀ ਸੜੇ ਹਿੱਸੇ ਉੱਤੇ ਟੂਥਪੇਸਟ ਜਾਂ ਕੋਈ ਹੋਰ ਚੀਜ਼ ਮਲ ਕੇ ਗੰਦੇ ਕੱਪੜੇ ਨਾਲ ਲਪੇਟਣਾ ਜਾਂ ਮਲਣਾ ਨਹੀਂ ਚਾਹੀਦਾ ਤੇ ਬਿਨਾਂ ਦੇਰ ਕੀਤਿਆਂ ਸਿੱਧਾ ਡਾਕਟਰ ਕੋਲ ਜਾਣਾ ਚਾਹੀਦਾ ਹੈ ।

ਸੰਪਰਕ :0175-221683

(ਪੰਜਾਬੀ ਟ੍ਰਿਬਿਊਨ, 29 ਅਕਤੂਬਰ, 2013 ਵਿੱਚੋਂ ਧੰਨਵਾਦ ਸਹਿਤ!)

# ਆਓ! ਪ੍ਰਦੂਸ਼ਣ-ਮੁਕਤ ਦੀਵਾਲੀ ਮਨਾਈਏ

ਪਿਆਰਾ ਸਿੰਘ ਭੋਗਲ

ਇਹ ਜਾਣਨ ਲਈ ਕਿ ਦੀਵਾਲੀ ਨਾਲ ਆਤਿਸ਼ਬਾਜ਼ੀ ਕਦੋਂ ਅਤੇ ਕਿਵੇਂ ਜੁੜ ਗਈ, ਅਸੀਂ ਭਾਈ ਕਾਨ੍ਹ ਸਿੰਘ ਨਾਭਾ ਦਾ 'ਮਹਾਨ ਕੋਸ਼' ਫੋਲਿਆ । 'ਦੀਵਾਲੀ' ਪਦ ਦੀ ਵਿਆਖਿਆ ਕਰਦਿਆਂ ਭਾਈ ਸਾਹਿਬ ਨੇ ਦੋ ਰਸਮਾਂ ਤੇ ਤਿਉਹਾਰਾਂ ਦਾ ਜ਼ਿਕਰ ਕੀਤਾ । ਪਹਿਲੀ—ਲੱਛਮੀ ਪੂਜਾ ਦੀ ਰਸਮ ਜੋ ਵਪਾਰੀ ਲੋਕ ਕਰਦੇ ਹਨ । ਦੂਜੀ—ਗੁਰੂ ਹਰਿਗੋਬਿੰਦ ਸਾਹਿਬ ਜਦੋਂ ਗਵਾਲੀਅਰ ਤੋਂ ਮੁਕਤ ਹੋ ਕੇ ਅੰਮ੍ਰਿਤਸਰ ਪਹੁੰਚੇ, ਤਾਂ ਬਾਬਾ ਬੁੱਢਾ ਜੀ ਨੇ ਦੀਪਮਾਲਾ ਕਰਵਾਈ । 'ਆਤਿਸ਼ਬਾਜ਼ੀ' ਦਾ ਕੋਈ ਜ਼ਿਕਰ ਨਹੀਂ । ਮਹਾਨ ਕੋਸ਼ ਦੇ ਇਕ ਹੋਰ ਹਿੱਸੇ ਵਿੱਚ ਆਤਿਸ਼ਬਾਜ਼ੀ ਪਦ ਦੀ ਵਿਆਖਿਆ ਹੈ—ਅੱਗ ਦੀ ਖੇਡ । ਪਰ ਇੱਥੇ ਵੀ ਦੀਵਾਲੀ ਉੱਤੇ ਆਤਿਸ਼ਬਾਜ਼ੀ ਕਰਨ ਦੀ ਰਵਾਇਤ ਦਾ ਕੋਈ ਜ਼ਿਕਰ ਨਹੀਂ ।

ਪਹਿਲਾਂ-ਪਹਿਲਾਂ ਇਹ ਤਿਉਹਾਰ ਦੀਵਿਆਂ ਦੀ ਰੌਸ਼ਨੀ ਦਾ ਹੀ ਤਿਉਹਾਰ ਸੀ । ਸਾਡੇ ਬਚਪਨ ਵਿੱਚ ਪਿੰਡਾਂ 'ਚ ਘਰਾਂ ਦੇ ਬਨੇਰਿਆਂ ਉੱਤੇ, ਧਰਮ ਅਸਥਾਨਾਂ ਵਿੱਚ ਵਗਦੇ ਖੂਹ ਦੀਆਂ ਮਣਾਂ ਉੱਤੇ ਅਤੇ ਚੁਰੱਸਤਿਆਂ ਉੱਤੇ ਦੀਵੇ ਬਾਲੇ ਜਾਂਦੇ ਸਨ । ਜਦੋਂ ਸਭ ਗ਼ਰੀਬ-ਅਮੀਰ ਵਗਦੇ ਖੂਹ ਦੀ ਮਣ ਉੱਤੇ ਅਤੇ ਪਿੰਡ ਨੂੰ ਆਉਂਦੇ ਰਾਹ ਦੇ ਚੁਰੱਸਤੇ ਉੱਤੇ ਦੀਵਾ ਬਾਲਦੇ ਸਨ ਤਾਂ ਮਨ ਹੀ ਮਨ ਵਿੱਚ ਕਾਮਨਾ ਕਰਦੇ ਸਨ—ਨਗਰ-ਖੇੜਾ ਵੱਸਦਾ ਰਹੇ ਅਤੇ ਪਾਣੀ ਦੇਣ ਵਾਲੇ ਖੂਹ ਚੱਲਦੇ ਰਹਿਣ, ਤਾਂ ਕਿ ਪਿੰਡ ਦੇ ਲੋਕਾਂ ਦੇ ਜਿਉਂਦੇ ਰਹਿਣ ਦੇ ਵਸੀਲੇ ਬਣੇ ਰਹਿਣ।

ਉਂਵ ਦੀਵਾਲੀ ਮੁੱਢ ਵਿੱਚ ਮੌਸਮੀ ਤਿਉਹਾਰ ਸੀ। ਬਰਸਾਤ ਦਾ ਮੌਸਮ ਖ਼ਤਮ ਹੋ ਗਿਆ ਹੁੰਦਾ ਸੀ । ਅੱਗੋਂ ਸਿਆਲ ਦੀਆਂ ਹਨੇਰੀਆਂ ਰਾਤਾਂ ਵਿੱਚ ਲੋਕਾਂ ਨੇ ਘਰਾਂ ਦੇ ਅੰਦਰ ਸੌਣਾ ਸ਼ੁਰੂ ਕਰਨਾ ਹੁੰਦਾ ਸੀ ।



ਦੀਵਾਲੀ ਤੋਂ ਪਹਿਲਾਂ ਘਰ ਅੰਦਰੋਂ-ਬਾਹਰੋਂ ਲਿੱਪੇ-ਪੋਚੇ ਜਾਂਦੇ ਸਨ । ਦੀਵਾਲੀ ਵਾਲੇ ਦਿਨ ਲੋਕ ਦੀਵੇ ਬਾਲ ਕੇ ਸਿਆਲ ਦੀਆਂ ਹਨੇਰੀਆਂ ਰਾਤਾਂ ਦਾ ਸਵਾਗਤ ਕਰਦੇ ਸਨ । ਸਮਾਂ ਬੀਤਣ ਨਾਲ ਲੋਕ ਦੀਵਾਲੀ ਦੀ ਰਸਮ ਦਾ ਅਸਲ ਮਤਲਬ ਤੇ ਮਨੋਰਥ ਭੁੱਲ ਗਏ । ਇਸ ਰਸਮ ਨੂੰ ਬਹੁਤ ਖ਼ਰਚੀਲੀ ਅਤੇ ਪ੍ਰਦੂਸ਼ਣ ਭਰਪੂਰ ਬਣਾ ਦਿੱਤਾ ।

ਕਹਿੰਦੇ ਹਨ ਪੰਜਾਬ ਵਿੱਚ ਸਾਖਰਤਾ ਦਰ ਵਧ ਕੇ ੬੫-੭੦ ਫ਼ੀ ਸਦੀ ਹੋ ਗਈ ਹੈ । ਏਨੇ ਪੜ੍ਹੇ-ਲਿਖੇ ਲੋਕ ਦੀਵਾਲੀ ਦੇ ਪ੍ਰਦੂਸ਼ਣ ਦੀ ਚਿੰਤਾ ਕਿਉਂ ਨਹੀਂ ਕਰਦੇ? ਅਸੀਂ ਹਰ ਦੀਵਾਲੀ ਉੱਤੇ ਹੈਰਾਨ ਹੁੰਦੇ ਹਾਂ, ਆਤਿਸ਼ਬਾਜ਼ੀ ਉੱਤੇ ਕਿੰਨਾ ਧਨ ਉਜਾੜਿਆ ਜਾਂਦਾ ਹੈ? ਬਹੁਤ ਜ਼ਿਆਦਾ ਆਵਾਜ਼ ਪੈਦਾ ਕਰਨ ਵਾਲੇ ਪਟਾਕੇ ਅਤੇ ਬਹੁਤ ਹੀ ਗੰਦੀ ਹਵਾੜ ਪੈਦਾ ਕਰਨ ਵਾਲੇ ਆਤਸ਼ੀ ਯੰਤਰ-ਹਰ ਗਲੀ ਵਿੱਚ ਚਲਾਏ ਜਾਂਦੇ ਹਨ। ਬਹੁਤ ਸਾਰੇ ਲੋਕ ਖਾ-ਪੀ ਕੇ ਰਾਤ ਨੂੰ ੧੦ ਕੁ ਵਜੇ ਘਰਾਂ ਦੇ ਬਾਹਰ ਆ ਸੱਜਦੇ ਹਨ। ਕਾਫ਼ੀ ਧਨ ਖ਼ਰਚ ਕੇ ਖ਼ਰੀਦੀ ਆਤਿਸ਼ਬਾਜ਼ੀ ਚਲਾਉਂਦੇ ਹਨ । ਰਾਤ ੧੨ ਵਜੇ, ੧ ਵਜੇ, ੨ ਵਜੇ ਤਕ ਠਾਹ-ਠਾਹ ਹੁੰਦੀ ਰਹਿੰਦੀ ਹੈ । ਗੁਆਂਢ ਵਿੱਚ ਕੋਈ ਬਿਮਾਰ ਹੈ, ਕਿਸੇ ਨੂੰ ਸਾਹ ਦੀ ਤਕਲੀਫ਼ ਹੈ, ਬਿਲਕੁਲ ਪ੍ਰਵਾਹ ਨਹੀਂ ਕੀਤੀ ਜਾਂਦੀ । ਦੀਵਾਲੀ ਦੀ ਰਾਤ ਦੀ ਆਤਿਸ਼ਬਾਜ਼ੀ ਅਮੀਰੀ ਦਾ ਵਿਖਾਵਾ ਅਤੇ ਅਸੱਭਿਆ ਵਿਅਕਤੀ ਹੋਣ ਦੀ ਲਖਾਇਕ ਬਣ ਗਈ ਹੈ । ਖ਼ੁਸ਼ੀ ਮਨਾਉਣੀ ਮਨ੍ਹਾ ਨਹੀਂ ਹੈ । ਯੂਰਪੀਨ ਦੇਸ਼ਾਂ ਵਿੱਚ ਵੀ ਖ਼ੁਸ਼ੀ ਮਨਾਉਣ ਲਈ ਕੁਝ ਦਿਨ ਮਨਾਏ ਜਾਂਦੇ ਹਨ । ਯੂਰਪੀਨ ਦੇਸ਼ ਨਾਰਵੇ ਦਾ ਆਜ਼ਾਦੀ ਦਿਨ ੧੭ ਮਈ ਨੂੰ ਹੁੰਦਾ ਹੈ । ਇਸ ਦਿਨ ਦੀਪਮਾਲਾ ਅਤੇ ਆਤਿਸ਼ਬਾਜ਼ੀ ਕੀਤੀ ਜਾਂਦੀ ਹੈ, ਪਰ ਘਰਾਂ ਅਤੇ ਬਜ਼ਾਰਾਂ ਵਿੱਚ ਨਹੀਂ । ਆਬਾਦੀ ਤੋਂ ਦੂਰ ਖੁੱਲ੍ਹੇ ਮੈਦਾਨ ਵਿੱਚ ਰਸਮ ਹੁੰਦੀ ਹੈ । ਲੋਕ ਪ੍ਰਦੂਸ਼ਣ ਪੈਦਾ ਕੀਤੇ ਬਿਨਾਂ ਅਤੇ ਪ੍ਰਦੂਸ਼ਣ ਦੇ ਖ਼ਤਰਿਆਂ ਤੋਂ ਬਚੇ-ਬਚੇ ਇਸ ਰਸਮ ਵਿੱਚ ਹਿੱਸਾ ਲੈਂਦੇ ਹਨ ।

ਦੀਵਾਲੀ ਬਹੁਤ ਸੁੰਦਰ ਤਿਉਹਾਰ ਹੈ। ਹੁਣ ਤਾਂ ਲੋਕ ਬਿਜਲੀ ਨਾਲ ਜਲਦੀਆਂ ਲੜੀਆਂ ਖ਼ਰੀਦ ਕੇ ਆਪਣੇ ਬਨੇਰਿਆਂ ਉੱਤੇ ਲਟਕਾ ਲੈਂਦੇ ਹਨ। ਇਉਂ ਦੀਵਿਆਂ ਅਤੇ ਮੋਮਬੱਤੀਆਂ ਦੀ ਖ਼ੂਬਸੂਰਤੀ ਅਲੋਪ ਹੋ ਗਈ ਹੈ। ਸਰ੍ਹੋਂ ਦੇ ਤੇਲ ਨਾਲ ਬਲਦਾ ਦੀਵਾ ਵੀ ਥੋੜ੍ਹਾ ਜਿਹਾ ਪ੍ਰਦੂਸ਼ਣ ਪੈਦਾ ਕਰਦਾ ਸੀ ਪਰ ਉਦੋਂ ਦੀਵਾਲੀ ਦੀ ਰਾਤ ਦੀ ਠੰਢੀ ਤੇ ਸਾਫ਼ ਹਵਾ ਦੀਵਿਆਂ ਦੇ ਪ੍ਰਦੂਸ਼ਣ ਦੇ ਪ੍ਰਭਾਵ ਨੂੰ ਘਟਾ ਦਿੰਦੀ ਸੀ। ਖ਼ਾਸ ਗੱਲ ਇਹ ਸੀ, ਟਿਮਟਿਮਾਉਂਦੇ ਦੀਵੇ ਘਰਾਂ ਅਤੇ ਆਬਾਦੀਆਂ ਵਿੱਚ ਰਹੱਸਪੂਰਨ ਵਾਤਾਵਰਨ ਸਿਰਜ ਦਿੰਦੇ ਸਨ। ਇਹ ਸੱਚਮੁੱਚ ਖ਼ੁਸ਼ੀ ਮਨਾਉਣ ਦਾ ਦਿਨ ਸੀ। ਦੀਵਾਲੀ ਦੀ ਰਾਤ ਦੀ ਉਡੀਕ ਹੁੰਦੀ ਸੀ। ਦੀਵਾਲੀ ਦੀ ਤਿਆਰੀ ਵਿੱਚ ਘਰ ਅਤੇ ਕਾਰੋਬਾਰੀ ਅਦਾਰੇ ਸਾਫ਼-ਸੁਥਰੇ ਕੀਤੇ ਜਾਂਦੇ ਸਨ, ਕਿਉਂਕਿ ਦੀਵਾਲੀ ਸ਼ੁਭ ਦਿਨ ਹੁੰਦਾ ਸੀ। ਭਾਰਤੀ ਵਪਾਰੀ ਤਾਂ ਇਸ ਦਿਨ ਪਿਛਲੇ ਸਾਲ ਦਾ ਹਿਸਾਬ-ਕਿਤਾਬ ਸਮੇਟ ਕੇ ਨਵੇਂ ਵਹੀ-ਖ਼ਾਤੇ ਸ਼ੁਰੂ ਕਰਦੇ ਸਨ।

ਅਸੀਂ ਚਾਹੁੰਦੇ ਹਾਂ ਦੀਵਾਲੀ ਦਾ ਪ੍ਰਦੂਸ਼ਣ ਬਿਲਕੁਲ ਬੰਦ ਹੋਵੇ। ਪਟਾਕਿਆਂ ਅਤੇ ਦੂਰ ਅਸਮਾਨ ਤਕ ਜਾਣ ਵਾਲੀਆਂ ਮਤਾਬੀਆਂ (ਹਵਾਈਆਂ) ਉੱਤੇ ਪਾਬੰਦੀ ਲੱਗੇ। ਕੁਝ ਸਿਆਣੇ ਡਿਪਟੀ ਕਮਿਸ਼ਨਰ ਹਦਾਇਤ ਕਰਦੇ ਹਨ ਕਿ ਰਾਤ ੧੦ ਵਜੇ ਤੋਂ ਬਾਅਦ ਆਤਿਸ਼ਬਾਜ਼ੀ ਬਿਲਕੁਲ ਨਾ ਹੋਵੇ। ਪਰ ਇਸ ਹੁਕਮ ਉੱਤੇ ਅਮਲ ਨਹੀਂ ਹੁੰਦਾ। ਅਸਲ ਵਿੱਚ ਦੀਵਾਲੀ ਦੀ ਰਾਤ ਦੀ ਸਭ ਤੋਂ ਵੱਧ ਪ੍ਰੇਸ਼ਾਨ ਕਰਨ ਵਾਲੀ ਚੀਜ਼ ਸ਼ੋਰ-ਪ੍ਰਦੂਸ਼ਣ ਹੈ। ਵੱਧ ਤੋਂ ਵੱਧ ਆਵਾਜ਼ ਪੈਦਾ ਕਰਨ ਵਾਲੇ ਪਟਾਕੇ ਬਣਦੇ ਹਨ, ਜਿਨ੍ਹਾਂ ਨੂੰ ਬੰਬ ਵੀ ਕਿਹਾ ਜਾਂਦਾ ਹੈ। ਕੰਨ-ਪਾੜਵਾਂ ਸ਼ੋਰ ਅੱਧੀ ਰਾਤ ਤਕ ਜਾਰੀ ਰਹਿੰਦਾ ਹੈ। ਇਹੋ ਜਿਹੇ ਸ਼ੋਰ ਪੈਦਾ ਕਰਨ ਵਾਲੇ ਗੁਆਂਢੀਆਂ ਉੱਤੇ ਗੁੱਸਾ ਆਉਂਦਾ ਹੈ, ਪਰ ਅਮਨ-ਪਸੰਦ ਸ਼ਹਿਰੀ ਕਰ ਕੁਝ ਨਹੀਂ ਸਕਦੇ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ



ਵਿੱਚ ਪ੍ਰਦੂਸ਼ਣ ਮੁਕਤ ਦੀਵਾਲੀ ਮਨਾਉਣ ਹਿੱਤ ਲੋਕ-ਰਾਏ ਪੈਦਾ ਕਰਨੀ ਚਾਹੀਦੀ ਹੈ। ਜਿਵੇਂ ਝੋਨੇ ਦੀ ਪਰਾਲੀ ਸਾੜਨਾ ਬਹੁਤ ਹਾਨੀਕਾਰਕ ਹੈ, ਇਉਂ ਹੀ ਕੰਨ-ਪਾੜਵਾਂ ਸ਼ੋਰ ਅਤੇ ਹਵਾ ਪ੍ਰਦੂਸ਼ਤ ਕਰਨ ਵਾਲੀ ਆਤਿਸ਼ਬਾਜ਼ੀ ਤੁਰੰਤ ਬੰਦ ਹੋਣੀ ਚਾਹੀਦੀ ਹੈ।

ਦੀਵਾਲੀ ਕੱਤਕ ਮਹੀਨੇ ਵਿੱਚ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ 'ਬਾਰਾ ਮਾਹ ਤੁਖਾਰੀ' ਵਿੱਚ ਕੱਤਕ ਮਹੀਨੇ ਦਾ ਜ਼ਿਕਰ ਕੀਤਾ ਹੈ। ਉਨ੍ਹਾਂ ਨੇ ਦੀਵਾਲੀ ਦਾ ਨਾਂ ਨਹੀਂ ਲਿਆ, ਤਾਂ ਵੀ ਦੀਪਕ ਬਲਣ ਦਾ ਵਰਣਨ ਕੀਤਾ ਹੈ। ਕੱਤਕ ਮਹੀਨੇ ਬਾਰੇ ਲਿਖੇ ਬੰਦ ਦੀ ਦੂਜੀ ਪੰਗਤੀ ਵਿੱਚ ਗੁਰੂ ਜੀ ਨੇ ਲਿਖਿਆ-'**ਦੀਪਕ ਸਹਜਿ ਬਲੈ।**' ਅਗਲੀ ਤੀਜੀ ਪੰਗਤੀ ਵਿੱਚ ਸ਼ਬਦ ਹਨ-'**ਦੀਪਕ ਰਸਤੇਲੋ।**' ਜ਼ਾਹਰ ਹੈ ਕਿ ਗੁਰੂ ਨਾਨਕ ਸਾਹਿਬ ਦੇ ਸਮੇਂ ਵਿੱਚ ਵੀ ਦੀਵਾਲੀ ਉੱਤੇ ਦੀਪਕ ਹੀ ਜਲਾਏ ਜਾਂਦੇ ਸਨ, ਆਤਿਸ਼ਬਾਜ਼ੀ ਨਹੀਂ ਕੀਤੀ ਜਾਂਦੀ ਸੀ। ਆਤਿਸ਼ਬਾਜ਼ੀ ਕਦੋਂ ਇਸ ਸੁੰਦਰ ਦਿਨ ਦੀਆਂ ਰਸਮਾਂ ਦਾ ਹਿੱਸਾ ਬਣ ਗਈ, ਇਹ ਗੱਲ ਖੋਜ ਮੰਗਦੀ ਹੈ।

ਕਾਰਨ ਕੋਈ ਵੀ ਹੈ, ਸ਼ੋਰ ਪੈਦਾ ਕਰਨ ਅਤੇ ਪ੍ਰਦੂਸ਼ਤ ਹਵਾ ਫੈਲਾਉਣ ਦਾ ਅਪਰਾਧ ਬੰਦ ਹੋਣਾ ਚਾਹੀਦਾ ਹੈ। ਸੂਬਾ ਸਰਕਾਰਾਂ ਨੂੰ ਇਸ ਵਿਗਾੜ ਨੂੰ ਰੋਕਣ ਲਈ ਕਾਨੂੰਨ ਪਾਸ ਕਰਨਾ ਚਾਹੀਦਾ ਹੈ।

ਬੁੱਧੀਮਾਨ ਲੋਕ, ਲੇਖਕ ਭਾਈਚਾਰਾ, ਸਿੱਖਿਆ-ਸ਼ਾਸਤਰੀ ਅਤੇ ਮੀਡੀਆ ਨਾਲ ਜੁੜੇ ਵਿਅਕਤੀ ਦੀਵਾਲੀ ਦਾ ਪ੍ਰਦੂਸ਼ਣ ਰੋਕਣ ਵਿੱਚ ਸਹਾਈ ਹੋ ਸਕਦੇ ਹਨ। ਅਸਲ ਵਿੱਚ ਦੀਵਾਲੀ ਦੇ ਪ੍ਰਦੂਸ਼ਣ ਦਾ ਪ੍ਰਬੰਧ ਦੀਵਾਲੀ ਤੋਂ ਬਹੁਤ ਪਹਿਲਾਂ ਹੋਣਾ ਸ਼ੁਰੂ ਹੋ ਜਾਂਦਾ ਹੈ। ਇਹ ਬਾਰੂਦੀ ਸਮਾਨ ਪੰਜਾਬ ਵਿੱਚ ਵੀ ਤਿਆਰ ਹੁੰਦਾ ਹੈ। ਦੂਜੇ ਪ੍ਰਦੇਸ਼ਾਂ ਤੋਂ ਬਣ ਕੇ ਵੀ ਪੰਜਾਬ ਵਿੱਚ ਆਉਂਦਾ ਹੈ। ਵਪਾਰੀ ਲੋਕ ਇਹ ਪਟਾਕੇ ਅਤੇ ਹੋਰ ਆਤਿਸ਼ੀ ਯੰਤਰ ਕਈ ਮਹੀਨੇ ਪਹਿਲਾਂ ਹੀ ਸਟੋਰ ਕਰ ਲੈਂਦੇ ਹਨ। ਕੁਝ ਸਮਾਂ ਪਹਿਲਾਂ ਇਹ ਜ਼ਖੀਰੇਬਾਜ਼ੀ ਜਲੰਧਰ ਵਿੱਚ ਅਟਾਰੀ ਬਜ਼ਾਰ ਵਿੱਚ

ਹੁੰਦੀ ਸੀ। ਅਟਾਰੀ ਬਜ਼ਾਰ ਜਲੰਧਰ ਦਾ ਸਭ ਤੋਂ ਵੱਧ ਭੀੜਾ ਬਾਜ਼ਾਰ ਹੈ। ਇੱਥੇ ਆਤਿਸ਼ੀ ਸਾਮਾਨ ਦੇ ਜ਼ਖੀਰੇ ਜਮ੍ਹਾਂ ਕਰਨਾ ਬਹੁਤ ਖ਼ਤਰਨਾਕ ਸੀ। ਕਈ ਵਾਰ ਦੁਕਾਨਾਂ ਨੂੰ ਅੱਗ ਲੱਗੀ। ਹੁਣ ਪ੍ਰਸ਼ਾਸਨ ਬਰਲਟਨ ਪਾਰਕ ਦੇ ਖੁੱਲ੍ਹੇ ਮੈਦਾਨ ਵਿੱਚ ਆਰਜ਼ੀ ਦੁਕਾਨਾਂ ਅਲਾਟ ਕਰਦਾ ਹੈ। ਬਹੁਤ ਖ਼ਤਰਨਾਕ ਵਪਾਰ ਹੋਣ ਦੇ ਬਾਵਜੂਦ ਵਪਾਰੀ ਲੋਕ ਇਹ ਧੰਦਾ ਨਹੀਂ ਛੱਡ ਰਹੇ। ਨਾ ਛੱਡਣ ਦਾ ਕਾਰਨ ਪੈਸੇ ਦਾ ਲਾਲਚ ਹੈ। ਪਟਾਕਿਆਂ ਆਦਿ ਦੇ ਵਪਾਰ ਵਿੱਚ ਅੰਨ੍ਹਾ ਮੁਨਾਫ਼ਾ ਹੈ। ਇਸੇ ਕਰਕੇ ਵਪਾਰੀ ਲੋਕ ਇਹ ਕਿੱਤਾ ਛੱਡਣ ਦੀ ਥਾਂ ਇਸ ਵਿੱਚ ਹੋਰ ਪੂੰਜੀ ਲਾ ਰਹੇ ਹਨ। ਪਰ ਇਹ ਧੰਦਾ ਬਿਲਕੁਲ ਵਧਣਾ ਨਹੀਂ ਚਾਹੀਦਾ, ਤੁਰੰਤ ਰੁਕਣਾ ਚਾਹੀਦਾ ਹੈ। ਕਈ ਲੋਕ ਦਲੀਲ ਦੇਣਗੇ ਕਿ ਆਤਿਸ਼ਬਾਜ਼ੀ ਵਿੱਚ ਮਨੋਰੰਜਨ ਹੈ, ਮਨੋਰੰਜਨ ਕਰਨ ਉੱਤੇ ਪਾਬੰਦੀ ਕਿਉਂ ਹੋਵੇ ?

ਮਨੋਰੰਜਨ ਹੋਰ ਵੀ ਬਹੁਤ ਹਨ। ਕਈ ਮਨੋਰੰਜਨ ਬਹੁਤ ਹਾਨੀਕਾਰਕ ਹਨ। ਦੀਵਾਲੀ ਉੱਤੇ ਬਹੁਤੇ ਲੋਕ ਜੂਆ ਖੇਡਦੇ ਹਨ। ਪੁਲਿਸ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਦੀ ਹੈ। ਜੂਏ ਵਿੱਚ ਕੋਈ ਅਮੀਰ ਨਹੀਂ ਬਣਿਆ। ਇਹ ਘਰ-ਗੁਆਊ ਖੇਡ ਹੈ। ਇਉਂ ਹੀ ਸੱਟੇਬਾਜ਼ੀ ਦੀ ਖੇਡ ਹੈ। ਇਸ ਵਿੱਚ ਵੀ ਵਪਾਰੀਆਂ ਦਾ ਇਕ ਵਰਗ ਹਿੱਸਾ ਲੈਂਦਾ ਹੈ। ਇਹ ਮਨੋਰੰਜਨ ਰੁਕਣੇ ਚਾਹੀਦੇ ਹਨ।

ਦੀਵਾਲੀ ਦੀ ਰਾਤ ਨੂੰ ਸੈਂਕੜੇ ਰੁਪਇਆਂ ਦੀ ਅਤੇ ਕੁਝ ਹਾਲਤਾਂ ਵਿੱਚ ਹਜ਼ਾਰਾਂ ਰੁਪਏ ਦੀ ਆਤਿਸ਼ਬਾਜ਼ੀ ਟੱਬਰਾਂ ਦੇ ਟੱਬਰ ਖ਼ਰੀਦ ਕੇ ਲਿਆਉਂਦੇ ਹਨ। ਕੁਝ ਘੰਟਿਆਂ ਵਿੱਚ ਇਹ ਰਕਮਾਂ ਫੂਕ ਦਿੱਤੀਆਂ ਜਾਂਦੀਆਂ ਹਨ। ਆਂਢ-ਗੁਆਂਢ ਲਈ ਸ਼ੋਰ ਅਤੇ ਧੂੰਏਂ ਦੇ ਗੁਬਾਰ ਛੱਡਣ ਤੋਂ ਬਿਨਾਂ ਇਹ ਖੇਡ ਕੁਝ ਨਹੀਂ ਸਵਾਰਦੀ। ਇਸ ਸੰਬੰਧੀ ਗਹਿਰੀ ਸੋਚ ਵਿਚਾਰ ਦੀ ਲੋੜ ਹੈ।

(ਰੋ: ਅਜੀਤ **26-10-2016** ’ਚੋਂ ਧੰਨਵਾਦ ਸਹਿਤ!)



# ਆਓ! ਪ੍ਰਦੂਸ਼ਣ-ਮੁਕਤ ਦੀਵਾਲੀ ਲਈ ਪਹਿਲ ਕਰੀਏ

ਪਿਆਰਾ ਸਿੰਘ ਭੋਗਲ

ਜਿਉਂ-ਜਿਉਂ ਦੀਵਾਲੀ ਨੇੜੇ ਆ ਰਹੀ ਹੈ, ਵਾਰ-ਵਾਰ ਪ੍ਰਦੂਸ਼ਣ ਤੇ ਸ਼ੋਰ ਦਾ ਡਰ ਚੇਤੇ ਆ ਰਿਹਾ ਹੈ। ਦੀਵਾਲੀ ਜ਼ਹਿਰੀਲੇ ਧੂੰਏਂ ਦੀ ਉਪਜ ਦਾ ਵੱਡਾ ਕਾਰਨ ਬਣ ਗਈ ਹੈ। ਨਾਲ-ਨਾਲ ਆਤਿਸ਼ਬਾਜ਼ੀ ਦੀ ਕੰਨ-ਪਾੜਵੀਂ ਆਵਾਜ਼ ਅੱਧੀ ਰਾਤ ਤਕ ਸੁਣਾਈ ਦਿੰਦੀ ਰਹਿੰਦੀ ਹੈ। ਖ਼ੁਸ਼ਹਾਲ ਮਾਪਿਆਂ ਦੇ ਕਾਕੇ ਵੱਡੀਆਂ ਰਕਮਾਂ ਖ਼ਰਚ ਕਰਕੇ ਬਹੁਤੀ ਆਵਾਜ਼ ਪੈਦਾ ਕਰਨ ਵਾਲੇ ਪਟਾਕੇ ਥੈਲਿਆਂ ਦੇ ਥੈਲੇ ਖ਼ਰੀਦ ਲਿਆਉਂਦੇ ਹਨ। ਜਦੋਂ ਰਾਤ ਦਸ ਕੁ ਵਜੇ ਬਹੁਤੇ ਪਰਿਵਾਰ ਸੌਣ ਦੀ ਤਿਆਰੀ ਵਿੱਚ ਹੁੰਦੇ ਹਨ, ਇਹ ‘ਪੜ੍ਹੇ-ਲਿਖੇ ਅਨਪੜ੍ਹ’ ਘਰਾਂ ਦੇ ਬਾਹਰ ਸੜਕ ਉੱਤੇ ਨਿਕਲ ਆਉਂਦੇ ਹਨ ਤੇ ਅਗਲੇ ਦੋ ਘੰਟੇ ਖ਼ੂਬ ਸ਼ੋਰ-ਪ੍ਰਦੂਸ਼ਣ ਪੈਦਾ ਕਰਦੇ ਹਨ। ਜਦੋਂ ਸਵੇਰੇ ਲੋਕ ਸੈਰ ਲਈ ਨਿਕਲਦੇ ਹਨ ਤਾਂ ਸੜਕਾਂ ਸਾੜੀ ਗਈ ਆਤਿਸ਼ਬਾਜ਼ੀ ਦੇ ਮਲਬੇ ਨਾਲ ਭਰੀਆਂ ਪਈਆਂ ਹੁੰਦੀਆਂ ਹਨ।

ਦੀਵਾਲੀ ਅਸਲ ਵਿੱਚ ਬਹੁਤ ਸੁੰਦਰ ਤਿਉਹਾਰ ਹੈ। ਦੀਵਾਲੀ ਦੀਪਾਵਲੀ ਦਾ ਤਦਭਵ ਰੂਪ ਹੈ। ਦੀਪ ਤੋਂ ਦੀਵਾ ਬਣਿਆ ਹੈ। ਰਾਤ ਅਨ੍ਹੇਰੀ ਹੁੰਦੀ ਹੈ। ਅਨ੍ਹੇਰੀ ਰਾਤ ਵਿੱਚ ‘ਜਗਦਾ ਦੀਵਾ’ ਮਨਮੋਹਣਾ ਦ੍ਰਿਸ਼ ਹੈ। ਬੇਆਬਾਦ ਆਲੇ-ਦੁਆਲੇ ਵਿੱਚ ‘ਆਬਾਦੀ’ ਦਾ ਦ੍ਰਿਸ਼/ ਆਸ਼ਾ ਦਾ ਦ੍ਰਿਸ਼। ਸੰਘਣੇ ਹਨੇਰੇ ਵਿੱਚ ਪਿੰਡਾਂ-ਸ਼ਹਿਰਾਂ ਦੇ ਲੋਕ ਦੀਵੇ ਬਾਲ ਕੇ ਸਮੂਹ ਮਾਨਵਤਾ ਨੂੰ ਆਪਣੇ ਸਨੇਹ ਦਾ ਸੁਨੇਹਾ ਦਿੰਦੇ ਸਨ। ਨਗਰ-ਖੇੜਾ ਵੱਸਦਾ ਰਹੇ। ਲੋਕ ਕਹਿੰਦੇ ਸਨ ਆਓ! ਆਪਾਂ ਸਾਰੇ ਰਲ

ਕੇ ਮਨੁੱਖਤਾ ਦੀ ਸੁੱਖ-ਸਾਂਦ ਮੰਗੀਏ ।

ਅਸਲ ਵਿੱਚ ਭਾਰਤ ਦੇ ਹੋਰ ਤਿਉਹਾਰਾਂ ਵਾਂਙ ਇਹ ਤਿਉਹਾਰ ਵੀ ਭਾਰਤ ਦੀਆਂ ਬਦਲਦੀਆਂ ਰੁੱਤਾਂ ਨਾਲ ਜੁੜਿਆ ਹੋਇਆ ਹੈ । ਭਾਰਤ ਬਹੁਤ ਗਰਮ ਦੇਸ਼ ਹੈ ਪਰ ਮੌਨਸੂਨ ਦੀ ਰੁੱਤ ਗਰਮੀ ਵਿੱਚ ਠੰਡਕ ਵਰਤਾਉਂਦੀ ਸੀ । ਇਸੇ ਕਰਕੇ ਸੌਣ-ਭਾਦੋਂ ਦੀ ਬਰਸਾਤ ਬਾਰੇ ਅਨੇਕ ਲੋਕ-ਗੀਤ ਰਚੇ ਗਏ । ਮਹਾਂਪੁਰਖ ਕਵੀਆਂ ਨੇ ਬਾਰਾਂ-ਮਾਹੇ ਲਿਖੇ । ਬਰਸਾਤ ਦੀਆਂ ਕਾਲੀਆਂ ਘਟਾਵਾਂ, ਮੀਂਹ ਦੀਆਂ ਠੰਢੀਆਂ ਫੁਹਾਰਾਂ, ਅੰਬ ਦੇ ਬਾਗ਼ਾਂ ਦੀ ਹਰਿਆਵਲ ਦੋ ਕੁ ਮਹੀਨੇ ਸੁਹਜ-ਭਰਪੂਰ ਦ੍ਰਿਸ਼ ਪੈਦਾ ਕਰੀ ਰੱਖਦੇ, ਪਰ ਜਦੋਂ ਬਰਸਾਤ ਦੇ ਮਹੀਨੇ ਮੁੱਕਦੇ, ਘਰਾਂ ਦੀਆਂ ਛੱਤਾਂ ਅਤੇ ਕੰਧਾਂ ਖੁਰ ਗਈਆਂ ਨਜ਼ਰ ਆਉਂਦੀਆਂ । ਉੱਦਮੀ ਪੁਰਖ-ਨਾਰੀਆਂ ਇਮਾਰਤਾਂ ਦੀ ਮੁਰੰਮਤ ਦੀ ਲੋੜ ਮਹਿਸੂਸ ਕਰਦੇ । ਅੱਸੂ ਮਹੀਨੇ ਵਿੱਚ ਕੰਧਾਂ ਤੇ ਛੱਤਾਂ ਲਿੱਪੀਆਂ ਜਾਂਦੀਆਂ ਸਨ । ਅੱਜਕੱਲ੍ਹ ਦੇ ਮਹਿੰਗੇ ਰੰਗ-ਰੋਗਨ ਖ਼ਰੀਦਣ ਦੀ ਥਾਂ ਜ਼ਮੀਨ ਦੀ ਡੂੰਘਾਈ ਵਿੱਚੋਂ ਨਿਕਲਿਆ ਪਾਂਡੂ ਸਫ਼ੈਦੀ ਦੇ ਤੌਰ ’ਤੇ ਵਰਤਿਆ ਜਾਂਦਾ ਸੀ । ਪਾਂਡੂ ਨਾਲ ਸਫ਼ੈਦ ਹੋਈਆਂ ਕੰਧਾਂ ਉੱਤੇ ਧੀਆਂ-ਭੈਣਾਂ ਆਪਣੀ ਕਲਪਨਾ ਦੀ ਉਡਾਰੀ ਮੁਤਾਬਿਕ ਸਿੱਧ-ਪੱਧਰੀ ਚਿੱਤਰਕਾਰੀ ਕਰ ਦਿੰਦੀਆਂ ਸਨ । ਇੰਞ ਘਰ ਅੰਦਰੋਂ-ਬਾਹਰੋਂ ਸੋਹਣੇ ਬਣ ਜਾਂਦੇ ਸਨ । ਬਰਸਾਤ ਦੀ ਹਵਾੜ ਨਿਕਲ ਜਾਂਦੀ ਸੀ । ਕੂੜਾ-ਕਰਕਟ ਵੀ ਸਾਫ਼ ਹੋ ਜਾਂਦਾ । ਜਾਣੋ! ਘਰ ਲੰਮੀ ਗਰਮ ਰੁੱਤ ਤੇ ਬਰਸਾਤ ਤੋਂ ਬਾਅਦ ਆ ਰਹੇ ਸਿਆਲ ਵਿੱਚ ਇਕ ਵਾਰ ਫਿਰ ਵੱਸਣਯੋਗ ਥਾਵਾਂ ਬਣ ਜਾਂਦੇ ਸਨ । ਅਸਲ ਵਿੱਚ ਦੀਵਾਲੀ ਆ ਰਹੇ ਸਿਆਲ ਦੇ ਸਵਾਗਤ ਲਈ ਸ਼ੁਰੂ ਹੋਇਆ ਤਿਉਹਾਰ ਹੈ । ਸਿਆਲ ਦੀਆਂ ਰਾਤਾਂ ਲੰਮੀਆਂ ਹੋਣਗੀਆਂ । ਸਭ ਲੋਕਾਂ ਨੂੰ ਘਰਾਂ ਦੇ ਅੰਦਰ ਸੌਣਾ



ਪਏਗਾ । ਇਸ ਲਈ ਲੋਕ ਸੋਚਦੇ, ਆਓ ਘਰ ਸਿਆਲ ਦੀਆਂ ਰਾਤਾਂ ਲਈ ਸਾਫ਼-ਸੁੱਥਰੇ ਕਰ ਲਈਏ । ਇਮਾਰਤਾਂ ਦੀ ਟੁੱਟ-ਭੱਜ ਦੂਰ ਕਰ ਲਈਏ ।

ਦੀਵਾਲੀ ਯਾਦ ਕਰਾਉਂਦੀ ਸੀ ਕਿ ਸਭ ਰੁੱਤਾਂ ਚੰਗੀਆਂ ਹਨ ਪਰ ਉਨ੍ਹਾਂ ਲਈ ਤਿਆਰੀ ਦੀ ਲੋੜ ਹੈ । ਬਿਜਲੀ ਦੀ ਅਣਹੋਂਦ ਵਿੱਚ ‘ਜਗਦਾ ਦੀਵਾ’ ਬਹੁਤ ਮਹੱਤਵਪੂਰਨ ਕਾਢ ਸੀ । ਜਿਉਂਦੇ ਹੋਣ ਦੀ ਨਿਸ਼ਾਨੀ ਸੀ । ਮਨੁੱਖ ਦੀ ਇਸ ਸੋਚ ਦੀ ਨਿਸ਼ਾਨੀ ਸੀ ਕਿ ਬਦਲਦੇ ਮੌਸਮ ਦਾ ਸਵਾਗਤ ਕਰੋ । ਹਰ ਹਾਲਤ ਵਿੱਚ ਖ਼ੁਸ਼ ਰਹਿਣ ਦੀ ਆਦਤ ਪਾਓ ।

ਅੱਜ ਤੋਂ ਸੱਠ ਸਾਲ ਪਹਿਲਾਂ ਆਤਿਸ਼ਬਾਜ਼ੀ ਨਾ ਹੋਣ ਦੇ ਬਰਾਬਰ ਸੀ । ਘਰ-ਘਰ ਬਿਜਲੀ ਵੀ ਨਹੀਂ ਸੀ । ਸਭ ਲੋਕਾਂ ਨੂੰ ਦੀਵੇ ਬਾਲਣੇ ਪੈਂਦੇ ਸਨ । ਦੀਵੇ ਨੂੰ ਏਨੀ ਪਵਿੱਤਰ ਵਸਤੂ ਮੰਨਿਆਂ ਜਾਂਦਾ ਸੀ ਕਿ ਲੋਕ ਮੂੰਹ ਤੋਂ ‘ਦੀਵਾ ਬੁਝਾਉਣਾ’ ਮੁਹਾਵਰਾ ਨਹੀਂ ਵਰਤਦੇ ਸਨ । ਕਹਿੰਦੇ ਸਨ, ਦੀਵੇ ਨੂੰ ਹੱਥ ਮਾਰਦੇ ਜਾਂ ਦੀਵੇ ਨੂੰ ਵੱਡਾ ਕਰਦੇ । ਦੀਵੇ ਬੁੱਝਣਾ ਜਾਂ ਬੁਝਾਉਣਾ ਤਾਂ ਮੌਤ ਦੀ ਨਿਸ਼ਾਨੀ ਸੀ ।

ਕਾਰੀਗਰ ਲੋਕ ਕਲਾਮਈ ਢੰਗ ਨਾਲ ਚੱਕ ਉੱਤੇ ਗੁੰਨ੍ਹੀ ਹੋਈ ਚੀਕਣੀ ਮਿੱਟੀ ਰੱਖ ਕੇ ਦੀਵੇ ਬਣਾਉਂਦੇ ਸਨ । ਬਹੁਤੇ ਦੀਵੇ ਸਿਰਫ਼ ਇਕ ਮੂੰਹ ਵਾਲੇ ਹੁੰਦੇ, ਪਰ ਚੌਮੁਖੀਏ ਦੀਵੇ ਵੀ ਬਣਦੇ । ਸਭ ਅਮੀਰ-ਗ਼ਰੀਬ ਪਰਿਵਾਰ ਦੀਵੇ ਖ਼ਰੀਦ ਕੇ ਲਿਆਉਂਦੇ । ਨਾਰੀਆਂ ਰੂੰ ਦੀਆਂ ਵੱਟੀਆਂ ਵੱਟਦੀਆਂ । ਸਰ੍ਹੋਂ ਦਾ ਤੇਲ ਤੇਲੀ ਤੋਂ ਖ਼ਰੀਦ ਕੇ ਲਿਆਉਂਦੇ । ਦੀਵਾਲੀ ਨੂੰ ਰਾਤ ਨੂੰ ਵੱਡੀ ਗਿਣਤੀ ਵਿੱਚ ਦੀਵਿਆਂ ਵਿੱਚ ਤੇਲ ਪਾਇਆ ਜਾਂਦਾ । ਵੱਟੀਆਂ ਸਜਾਈਆਂ ਜਾਂਦੀਆਂ । ਇਕ-ਇਕ ਦੀਵੇ ਨੂੰ ਰੌਸ਼ਨੀ

ਦਿੱਤੀ ਜਾਂਦੀ। ਜਗਦੇ ਦੀਵੇ ਥਾਲੀਆਂ ਜਾਂ ਥਾਲਾਂ ਵਿੱਚ ਟਿਕਾਏ ਜਾਂਦੇ। ਫਿਰ ਇਹ ਜਗਦੇ ਦੀਵਿਆਂ ਨਾਲ ਸੱਜੇ ਥਾਲ ਚੁੱਕ ਕੇ ਸਵਾਣੀਆਂ ਬਨੇਰਿਆਂ, ਮੁੱਖਾਂ, ਖੂਹਾਂ ਦੀਆਂ ਮਣਾਂ ਉੱਤੇ ਬੜੇ ਪ੍ਰੇਮ ਨਾਲ ਟਿਕਾਉਂਦੀਆਂ। ਦੀਵੇ ਜਗਾਉਣ ਤੇ ਦੀਵੇ ਟਿਕਾਉਣ ਦਾ ਕੰਮ ਹਫੜਾ-ਦਫੜੀ ਵਿੱਚ ਨਹੀਂ ਕੀਤਾ ਜਾਂਦਾ ਸੀ। ਦੀਵਾ ਚਾਹੇ ਮੰਦਰ ਜਾਂ ਗੁਰਦੁਆਰੇ ਦੇ ਦੁਆਰ ਉੱਤੇ ਧਰਿਆ ਜਾਂਦਾ, ਚਾਹੇ ਖੂਹ ਦੀ ਮਣ ਉੱਤੇ ਜਾਂ ਪਿੰਡ ਦੇ ਚੌਰਾਹੇ ਵਿੱਚ, ਪੂਰੀ ਸ਼ਰਧਾ ਨਾਲ ਰੱਖਿਆ ਜਾਂਦਾ। ਇਹ ਤਾਂ ਦੀਵੇ ਦੀ ਪੂਜਾ ਸੀ, ਦੀਵੇ ਰਾਹੀਂ ਮਨੁੱਖਤਾ ਦੇ ਭਲੇ ਲਈ ਅਰਦਾਸ ਹੁੰਦੀ ਸੀ।

ਬੱਚੇ ਤੇ ਨਵ-ਯੁਵਕ ਮਨੋਰੰਜਨ ਦਾ ਪ੍ਰਬੰਧ ਵੀ ਕਰਦੇ। ਕਿਸੇ ਦਰੱਖ਼ਤ ਦੀ ਸਿੱਧੀ ਟਹਿਣੀ ਕੱਟ-ਤਰਾਸ਼ ਕੇ ਮਸ਼ਾਲ ਬਣਾਉਣ ਲਈ ਵਰਤੀ ਜਾਂਦੀ। ਵੇਲੀ ਹੋਈ ਕਪਾਹ ਵਿੱਚੋਂ ਨਿਕਲੇ ਵੜੇਵੇਂ ਪੋਟਲੀ ਵਿੱਚ ਬੰਨ੍ਹ ਕੇ ਸੋਟੀ ਦੇ ਸਿਰੇ ਉੱਤੇ ਰੱਖੇ ਜਾਂਦੇ ਤੇ ਉੱਤੇ ਪੁਰਾਣੀਆਂ ਲੀਰਾਂ ਲਪੇਟੀਆਂ ਜਾਂਦੀਆਂ। ਲੀਰਾਂ ਦੀ ਖਿੱਦੋ ਉੱਤੇ ਗਿੱਲਾ ਗੋਹਾ ਪੋਚਿਆ ਜਾਂਦਾ। ਵੜੇਵੇਂ, ਲੀਰਾਂ ਤੇ ਗੋਹੇ ਦਾ ਖਿੱਦੋ ਸੁੱਕ ਕੇ ਮਸ਼ਾਲ ਦਾ ਜੁਗਾੜ ਬਣ ਜਾਂਦਾ। ਇਸ ਜੁਗਾੜ ਨੂੰ ਅੱਗ ਦਿਖਾਉਣ ਨਾਲ ਇਹ ਲੱਟ-ਲੱਟ ਬਲਦੀ ਮਸ਼ਾਲ ਬਣ ਜਾਂਦੀ। ਬੱਚੇ ਤੇ ਨਵਯੁਵਕ ਇਹ ਮਸ਼ਾਲਾਂ ਚੁੱਕ ਕੇ ਹਨੇਰੀਆਂ ਗਲੀਆਂ ਦਾ ਗੇੜਾ ਕੱਢਦੇ। ਸਾਰੀ ਆਬਾਦੀ ਜਗਦੇ ਦੀਵੇ ਨਾਲ ਸੁਹਜ ਭਰਪੂਰ ਦ੍ਰਿਸ਼ ਪੇਸ਼ ਕਰਦੀ। ਉਦੋਂ ਮਹਿੰਗੀਆਂ ਮਿਠਿਆਈਆਂ ਖ਼ਰੀਦਣ ਤੇ ਖਾਣ ਦਾ ਰਿਵਾਜ ਨਹੀਂ ਸੀ। ਘਰ-ਘਰ ਦੇਸੀ ਘਿਉ ਦੇ ਲੱਡੂ ਵੱਟੇ ਜਾਂਦੇ ਜੋ ਦੀਵਾਲੀ ਦੀ ਰਾਤ ਨੂੰ ਅਤੇ ਅਗਲੀਆਂ ਕਈ ਸਵੇਰਾਂ ਨੂੰ ਖਾਧੇ ਜਾਂਦੇ।

ਤਰੱਕੀ ਦੀ ਦੌੜ ਅਤੇ ਵਧਦੀ ਆਮਦਨੀ ਨੇ ਦੀਵਾਲੀ ਦੀ ਸੁੰਦਰਤਾ ਤੇ ਚੈਨ ਨਸ਼ਟ ਕਰ ਦਿੱਤਾ ਤੇ ਇਸ ਨੂੰ ਪ੍ਰਦੂਸ਼ਿਤ ਅਤੇ ਸ਼ੋਰ-



ਸ਼ਰਾਬੇ ਵਾਲਾ ਦਿਨ ਬਣਾ ਦਿੱਤਾ ਹੈ।

ਪਹਿਲਾਂ ਮਿੱਟੀ ਦੇ ਦੀਵੇ ਬੁੱਝੇ। ਬਿਜਲੀ ਦੇ ਬਲਬਾਂ ਦੀਆਂ ਲੜੀਆਂ ਆਈਆਂ। ਇਹ ਲੜੀਆਂ ਇਕ ਦੀਵਾਲੀ ਬਾਲ ਕੇ ਸੰਭਾਲ ਲਈਆਂ ਜਾਂਦੀਆਂ ਤੇ ਅਗਲੀ ਦੀਵਾਲੀ ਫਿਰ ਬਨੇਰਿਆਂ ਉੱਤੇ ਲਟਕਾ ਲਈਆਂ ਜਾਂਦੀਆਂ। ਹੁਣ ਚੀਨ ਤੋਂ ਆਈਆਂ ਧਾਗਾ-ਰੂਪ ਲੜੀਆਂ ਸੰਭਾਲਣ ਦੀ ਵੀ ਲੋੜ ਨਹੀਂ। ਬਾਲੋ ਤੇ ਕੂੜੇ ਵਿੱਚ ਸੁੱਟੋ। ਇੰਞ ਲੱਗਦਾ ਹੈ, ਅਸੀਂ ਰੌਸ਼ਨੀ ਦੀ ਕਦਰ ਭੁੱਲ ਗਏ ਹਾਂ। ਰੌਸ਼ਨੀ ਹੀ ਕੂੜੇ ਵਿੱਚ ਸੁੱਟੀ ਜਾ ਰਹੇ ਹਾਂ।

ਸਭ ਤੋਂ ਵੱਡਾ ਵਿਗਾੜ ਮਨੋਰੰਜਨ ਦੇ ਸਮਾਨ ਦਾ ਹੋਇਆ ਹੈ। ਹੱਥੀਂ ਬਣੀਆਂ ਮਸ਼ਾਲਾਂ ਭੁੱਲ-ਭੁਲਾ ਗਈਆਂ। ਸ਼ਹਿਰਾਂ ਵਿੱਚ ਆਤਿਸ਼ਬਾਜ਼ੀ ਦਾ ਸਮਾਨ ਟਰੱਕਾਂ ਦੇ ਟਰੱਕ ਬਣਦਾ ਤੇ ਵਿਕਦਾ ਹੈ। ਜਲੰਧਰ ਸ਼ਹਿਰ ਵਿੱਚ ਬਲਟਨ ਪਾਰਕ ਵਿੱਚ ਕਈ ਦਰਜਨ ਦੁਕਾਨਾਂ ਇਸ ਸਮਾਨ ਦੀਆਂ ਸੱਜਦੀਆਂ ਹਨ। ਕਰੋੜਾਂ ਰੁਪਏ ਇਹ ਸਮਾਨ ਖ਼ਰੀਦਣ 'ਤੇ ਖ਼ਰਚੇ ਜਾਂਦੇ ਹਨ। ਨਵਯੁਵਕ ਜਿਨ੍ਹਾਂ ਨੂੰ ਦੀਵਾਲੀ ਦੇ ਸੱਭਿਆਚਾਰ ਦੀ ਬਿਲਕੁਲ ਸਮਝ ਨਹੀਂ, ਕਰੋੜਾਂ ਰੁਪਏ ਦੀ ਆਤਿਸ਼ਬਾਜ਼ੀ ਕੁਝ ਘੰਟਿਆਂ ਵਿੱਚ ਫੂਕ ਦਿੰਦੇ ਹਨ। ਇੰਞ ਵਾਤਾਵਰਨ ਜ਼ਹਿਰੀਲਾ ਤੇ ਰਾਤ ਦਾ ਚੈਨ ਸ਼ੋਰ-ਸ਼ਰਾਬੇ ਨਾਲ ਭਰ ਦਿੰਦੇ ਹਨ।

ਹੈਰਾਨੀ ਹੁੰਦੀ ਹੈ ਇਹ ਸੋਚ ਕੇ ਕਿ ਪੁਰਾਣੇ ਲੋਕ ਤਾਂ ਅਨਪੜ੍ਹ ਸਨ, ਪਰ ਉਦੋਂ ਦੀਵਾਲੀ ਬਹੁਤ ਸੁੰਦਰ ਅਤੇ ਚੈਨ ਭਰਪੂਰ ਹੁੰਦੀ ਸੀ। ਹੁਣ ਸਕੂਲਾਂ ਕਾਲਜਾਂ ਦੀ ਪੜ੍ਹਾਈ ਬਹੁਤ ਹੁੰਦੀ ਹੈ। ੭੦ ਫ਼ੀਸਦੀ ਲੋਕ ਪੜ੍ਹੇ-ਲਿਖੇ ਹਨ। ਨਵਯੁਵਕ ਵੱਡੀਆਂ-ਵੱਡੀਆਂ ਡਿਗਰੀਆਂ ਹਾਸਲ ਕਰੀ ਫਿਰਦੇ ਹਨ; ਪਰ ਅੱਜ ਦੀ ਦੀਵਾਲੀ ਵਿੱਚ ਪੂਜਾ ਤੇ ਅਰਦਾਸ ਦਾ

ਅੰਸ਼ ਕਿਧਰੇ ਨਜ਼ਰ ਨਹੀਂ ਆ ਰਿਹਾ । ਖ਼ੁਦ ਕਮਾਈ, ਧਨ ਦੇ ਖ਼ਰਚ ਦੀ ਨੁਮਾਇਸ਼ ਅਤੇ ਦੂਜਿਆਂ ਨਾਲੋਂ ਵੱਧ ਦੂਰ ਤਕ ਜਾਣ ਵਾਲੀਆਂ ਮਤਾਬੀਆਂ ਚਲਾਉਣ ਦਾ ਜੋਸ਼ ਹੈ ।

ਇਹ ਨਿਘਾਰ ਰੁਕਣਾ ਚਾਹੀਦਾ ਹੈ । ਸੋਚਵਾਨ ਲੋਕ ਪਹਿਲ ਕਰਨ । ਮਾਪੇ ਫਜ਼ੂਲਖ਼ਰਚੀ ਬੰਦ ਕਰਨ । ਨਵਯੁਵਕਾਂ ਨੂੰ ਸਮਝਾਉਣ ।

ਸਾਨੂੰ ਪਤਾ ਹੈ, ਹੁਣ ਬਿਜਲਈ ਰੌਸਨੀ ਛੱਡ ਕੇ ਮਿੱਟੀ ਦੇ ਦੀਵਿਆਂ ਵੱਲ ਨੂੰ ਨਹੀਂ ਮੁੜਿਆ ਜਾਣਾ । ਹੁਣ ਬਿਜਲਈ ਲੜੀਆਂ ਹੀ ਲੱਗਣਗੀਆਂ, ਪਰ ਦੀਵੇ ਦੀ ਕਦਰ ਤਾਂ ਸਮਝੀਏ । ਦੀਵਾ ਖ਼ਰੀਦਣ, ਵੱਟੀ ਵੱਟਣ, ਤੇਲ ਪਾਉਣ ਤੇ ਦੀਵਾ ਬਾਲਣ ਵਿੱਚ ਜੋ ਵਿਸ਼ਵਾਸ ਅਤੇ ਸ਼ਰਧਾ ਸੀ, ਉਹ ਦੀਵਾਲੀ ਦੀ ਰਾਤ ਨੂੰ ਯਾਦ ਰੱਖੀਏ । ਘਰ ਦੀਆਂ ਮੁੱਖਾਂ ਉੱਤੇ ਪੰਜ-ਪੰਜ ਮੋਮਬੱਤੀਆਂ ਹੀ ਬਾਲੀਏ । ਜੇ ਹੋ ਸਕੇ, ਤਾਂ ਮਿੱਟੀ ਦੇ ਕੁਝ ਚੌਮੁਖੀਏ ਖ਼ਰੀਦੀਏ ਤੇ ਉਹ ਵੀ ਬਾਲੀਏ ।

ਸਭ ਤੋਂ ਜ਼ਰੂਰੀ ਆਤਿਸ਼ਬਾਜ਼ੀ ਦਾ ਸ਼ੋਰ ਤੇ ਪ੍ਰਦੂਸ਼ਣ ਘਟਾਉਣਾ ਹੈ । ਸਭ ਮਾਪੇ ਆਪਣੀ-ਆਪਣੀ ਥਾਂ ਪਹਿਲ ਕਰਨ । ਬੱਚਿਆਂ ਤੇ ਨਵਯੁਵਕਾਂ ਨੂੰ ਪ੍ਰੇਰਨ । ਦੂਰ ਤਕ ਮਾਰ ਕਰਨ ਵਾਲੀਆਂ ਮਤਾਬੀਆਂ ਬਿਲਕੁਲ ਬੰਦ ਹੋ ਜਾਣੀਆਂ ਚਾਹੀਦੀਆਂ ਹਨ । ਇੰਵ ਹੀ ਜ਼ਿਆਦਾ ਅਵਾਜ਼ ਪੈਦਾ ਕਰਨ ਵਾਲੇ ਪਟਾਕੇ ਨਹੀਂ ਫੱਟਣੇ ਚਾਹੀਦੇ । ਉਂਵ ਵੀ ਰਾਤ ਦਸ ਵਜੇ ਤੋਂ ਬਾਅਦ ਸਿਰਫ਼ ਰੌਸ਼ਨੀ ਨਜ਼ਰ ਆਵੇ, ਠਾਹ-ਠਾਹ ਬਿਲਕੁਲ ਬੰਦ ਹੋਵੇ ।

(ਰੋ: ਅਜੀਤ **12-10-2017** ’ਚੋਂ ਧੰਨਵਾਦ ਸਹਿਤ!)



## ‘ਸਾਡੀ ਕਾਹਦੀ ਸੀ ਦੀਵਾਲੀ ਸਰਕਾਰਾਂ ਵਾਲਿਓ’

**ਮੱਖਣ ਸਿੰਘ ਸਿੱਧੂ**

ਕਦੇ ਸਮਾਂ ਸੀ ਜਦੋਂ ਦੀਵਾਲੀ ਦਾ ਤਿਉਹਾਰ ਪਿੰਡਾਂ, ਸ਼ਹਿਰਾਂ ਵਿੱਚ ਆਮ ਲੋਕ ਬੜੇ ਚਾਵਾਂ ਨਾਲ ਮਨਾਉਂਦੇ ਸਨ, ਪਰ ਅੱਜ ਸਰਕਾਰਾਂ ਦੀਆਂ ਗ਼ਲਤ ਨੀਤੀਆਂ ਤੇ ਬੇਰੁਜ਼ਗਾਰੀ, ਮਹਿੰਗਾਈ ਕਾਰਨ ਮੰਦਹਾਲੀ ਦਾ ਸ਼ਿਕਾਰ ਕਿਸਾਨ-ਮਜ਼ਦੂਰ ਦੋ ਡੰਗ ਦੀ ਰੋਟੀ ਨੂੰ ਤਰਸ ਰਿਹਾ ਹੈ । ਅਨਾਜ ਦੇ ਭੰਡਾਰ ਭਰ ਕੇ ਦੇਸ਼ ਨੂੰ ਖ਼ੁਸ਼ਹਾਲ ਬਣਾ ਕੇ ਆਪ ਕੰਗਾਲ ਹੋਇਆ ਪਿਆ ਹੈ । ਇਕ ਪਾਸੇ ਸੈਂਟਰ ਦੀ “ਅੱਛੇ ਦਿਨ ਆਨੇ ਵਾਲੇ ਹੈਂ” ਵਾਲੀ ਮੋਦੀ ਸਰਕਾਰ ਨੇ ਨਵੇਂ ਟੈਕਸ ਲਗਾ ਕੇ ਗ਼ਰੀਬ ਲੋਕਾਂ ਦਾ ਕਚੂਮਰ ਕੱਢ ਦਿੱਤਾ ਹੈ, ਦੂਜੇ ਪਾਸੇ ਖੇਤਾਂ ਵਿੱਚ ਹੱਡ-ਭੰਨਵੀਂ ਕਮਾਈ ਕਰਦਾ ਕਿਸਾਨ ਕਿਸੇ ਜ਼ਹਿਰੀਲੇ ਸੱਪ ਦੇ ਡੱਸਣ ਨਾਲ ਜਾਂ ਸਪਰੇਅ ਕਰਦਿਆਂ ਨਸ਼ੀਲੀ ਦਵਾਈ ਚੜ੍ਹਨ ਕਾਰਨ ਜ਼ਿੰਦਗੀ ਤੋਂ ਹੱਥ ਧੋ ਬੈਠਾ । ਕਰਜ਼ੇ ਦੇ ਬੋਝ ਹੇਠ ਦੱਬਿਆ ਬੁੱਢੇ ਮਾਂ-ਬਾਪ ਦਾ ਸਹਾਰਾ, ਮਾਸੂਮ ਬੱਚਿਆਂ ਦਾ ਪਿਤਾ, ਨੌਜਵਾਨ ਭੈਣ ਦਾ ਭਰਾ, ਸੱਜ ਵਿਆਹੀ ਮੁਟਿਆਰ ਦਾ ਸੁਹਾਗ ਖ਼ੁਦਕੁਸ਼ੀ ਕਰ ਰਿਹਾ ਹੈ ।

ਕਰੋੜਾਂ ਰੁਪਏ ਦਾ ਤੇਲ ਖ਼ਰਚਾ ਕਰਨ ਵਾਲੇ ਲੀਡਰੋ ਆਪਣੇ ਖ਼ਰਚੇ ਘਟਾ ਕੇ ਭੁੱਖ, ਨੰਗੇ, ਗ਼ਰੀਬੀ ਨਾਲ ਮਰ ਰਹੇ ਕਿਸਾਨ ਮਜ਼ਦੂਰ ਬਾਰੇ ਸੋਚੋ । ਕਿਤੇ ਅਜਿਹਾ ਨਾ ਹੋਵੇ ਕਿ ਅੱਕੇ ਲੋਕ ਤੁਹਾਡੀ ਸੰਘੀ ਤਕ ਪਹੁੰਚ ਜਾਣ । ਹੁਣ ਸੋਚਣ ਦੀ ਲੋੜ ਨਹੀਂ, ਕੁਝ ਕਰ ਕੇ ਗ਼ਰੀਬ ਕਿਸਾਨਾਂ ਦੇ ਮੂੰਹ ਵਿੱਚ ਪਾਣੀ ਪਾ ਕੇ ਮੱਲ੍ਹਮ ਜ਼ਖ਼ਮਾਂ ਉੱਤੇ ਲਾਉਣ ਵਿੱਚ ਹੀ ਸੱਭ ਦਾ ਭਲਾ ਹੋਵੇਗਾ । **M:98153-95393**

(ਪੰ: ਜਾਗਰਣ **7-12-2017** ’ਚੋਂ ਧੰਨਵਾਦ ਸਹਿਤ!)

# ਆਓ, ਹਨੇਰਿਆਂ ਖ਼ਿਲਾਫ਼ ਬਲਦੇ ਰਹਿਣ ਦਾ ਸੰਕਲਪ ਕਰੀਏ

### ਗੁਰਚਰਨ ਸਿੰਘ ਨੂਰਪੁਰ

ਦੀਵੇ ਹਨੇਰੇ ਦੇ ਖ਼ਿਲਾਫ਼ ਬਲਣ ਦਾ ਸੰਕਲਪ ਹੈ। ਇਕ ਕਥਾ ਅਨੁਸਾਰ ਸੂਰਜ ਨੇ ਦਿਨ ਢਲਦਿਆਂ ਆਖਿਆ, 'ਮੈਂ ਹੁਣ ਜਾ ਰਿਹਾ ਹਾਂ, ਕੋਈ ਹੈ ਜੋ ਮੇਰੇ ਮਗਰੋਂ ਇਸ ਹਨੇਰੇ ਵਿੱਚ ਚਾਨਣ ਦੀ ਹੋਂਦ ਨੂੰ ਬਰਕਰਾਰ ਰੱਖ ਸਕੇ।' ਤਾਂ ਕਹਿੰਦੇ ਹਨ ਕਿ ਇਕ ਨਿੱਕਾ ਦੀਵਾ ਬੋਲਿਆ, 'ਹਾਂ, ਮੈਂ ਕੋਸ਼ਿਸ਼ ਕਰਾਂਗਾ।' ਭਾਰਤੀ ਸੰਸਕ੍ਰਿਤੀ ਵਿੱਚ ਦੀਵੇ ਦਾ ਬੜਾ ਸਤਿਕਾਰ ਹੈ। ਪੁਰਾਣੇ ਵੇਲਿਆਂ ਵਿੱਚ ਹਨੇਰਾ ਉੱਤਰਦਿਆਂ ਹੀ ਦੀਵਾ ਬਾਲ ਕੇ ਘਰਾਂ ਨੂੰ ਰੌਸ਼ਨ ਕਰਨ ਦੇ ਨਾਲ-ਨਾਲ ਦੀਵੇ ਦੀ ਲਾਟ ਨੂੰ ਸਿਜਦਾ ਵੀ ਕੀਤਾ ਜਾਂਦਾ ਸੀ। ਪੁਰਾਣੇ ਵੇਲਿਆਂ ਵਿੱਚ ਜਦੋਂ ਆਵਾਜਾਈ ਦੇ ਸਾਧਨ ਨਹੀਂ ਸਨ ਲੋਕ ਤੁਰ ਕੇ ਮੀਲਾਂ ਤਕ ਸਫ਼ਰ ਕਰਦੇ ਸਨ ਤਾਂ ਹਨੇਰੀਆਂ ਰਾਤਾਂ ਵਿੱਚ ਭੁੱਲੇ ਭਟਕੇ ਰਾਹੀਆਂ ਦੀ ਆਸ ਦੂਰ ਜਗਦੇ ਦੀਵੇ ਹੀ ਹੋਇਆ ਕਰਦੇ ਸਨ। ਇਹ ਸਮਝਿਆ ਜਾਂਦਾ ਸੀ ਕਿ ਜਿੱਥੇ ਦੀਵਾ ਬਲ ਰਿਹਾ ਹੈ ਉੱਥੇ ਜ਼ਰੂਰ ਕੋਈ ਚੰਗੇ ਲੋਕ ਜਾਗ ਰਹੇ ਹੋਣਗੇ ਅਤੇ ਉਨ੍ਹਾਂ ਦਾ ਓਟ ਆਸਰਾ ਮਿਲ ਸਕਦਾ ਹੈ।

ਅੱਗ ਦੀ ਖੋਜ ਮਨੁੱਖ ਦੀ ਬਹੁਤ ਵੱਡੀ ਖੋਜ ਸੀ ਅਤੇ ਇਸ ਤੋਂ ਅਗਾਂਹ ਜਦੋਂ ਆਦਿ ਕਾਲ ਦੇ ਮਨੁੱਖ ਨੇ ਦੀਵੇ ਦੀ ਖੋਜ ਕਰ ਲਈ ਤਾਂ ਉਹ ਹਨੇਰੀਆਂ ਰਾਤਾਂ ਵਿੱਚ ਵੇਖਣ ਦੇ ਸਮਰੱਥ ਹੋ ਗਿਆ। ਜੀਵ ਵਿਕਾਸ ਦੀਆਂ ਖੋਜਾਂ ਦੱਸਦੀਆਂ ਹਨ ਕਿ ਆਦਿ ਕਾਲ ਦਾ ਮਨੁੱਖ ਡਰਾਕਲ ਜਿਹਾ ਜੀਵ ਸੀ। ਇਹ ਹਨੇਰੀਆਂ ਰਾਤਾਂ ਅਤੇ ਜੰਗਲੀ ਜੀਵਾਂ ਤੋਂ ਡਰ-ਡਰ ਕੇ ਦਿਨ ਕੱਟਦਾ ਸੀ। ਖ਼ੂੰਖ਼ਾਰ ਜੰਗਲੀ ਜੀਵ ਅੱਗ ਤੋਂ ਡਰਦੇ ਹਨ।



ਇਸ ਲਈ ਦੀਵੇ ਦੀ ਖੋਜ ਨੇ ਮਨੁੱਖੀ ਡਰ ਨੂੰ ਦੂਰ ਕਰਨ ਵਿੱਚ ਬੜੀ ਵੱਡੀ ਭੂਮਿਕਾ ਨਿਭਾਈ। ਇਹ ਸਮਝਿਆ ਜਾਣ ਲੱਗਿਆ ਕਿ ਬਲਦੇ ਦੀਵੇ ਵਿੱਚ ਕੋਈ ਅਲੌਕਿਕ ਸ਼ਕਤੀ ਹੈ ਜੋ ਕਾਲੀਆਂ ਤਾਕਤਾਂ ਨੂੰ ਮਾਤ ਦੇ ਸਕਦੀ ਹੈ। ਦੀਵਾ ਬਾਲਣਾ, ਦੀਵੇ ਵਿੱਚ ਤੇਲ ਪਾਉਣਾ, ਪੁੰਨ ਦਾ ਕਾਰਜ ਸਮਝਿਆ ਜਾਂਦਾ ਸੀ। ਅੱਜ ਵੀ ਵੱਖ-ਵੱਖ ਰਸਮਾਂ ਪਰੰਪਰਾਵਾਂ ਵਿੱਚ ਦੀਵੇ ਬਾਲਣ ਦੇ ਕਈ ਵਿਸ਼ਵਾਸ ਸਾਡੇ ਸਮਾਜ ਵਿੱਚ ਸਦੀਆਂ ਤੋਂ ਚੱਲੇ ਆ ਰਹੇ ਹਨ। ਦੀਵਾਲੀ ਦੇ ਤਿਉਹਾਰ ਨੂੰ ਵੱਖ-ਵੱਖ ਧਰਮਾਂ ਦੀਆਂ ਕੁਝ ਵੱਖ-ਵੱਖ ਘਟਨਾਵਾਂ ਨਾਲ ਵੀ ਜੋੜਿਆ ਜਾਂਦਾ ਹੈ; ਪਰ ਕਿਤੇ ਨਾ ਕਿਤੇ ਇਸ ਦਾ ਸੰਬੰਧ ਉੱਤਰੀ ਭਾਰਤ ਦੇ ਰੁੱਤ ਚੱਕਰ ਨਾਲ ਵੀ ਜੁੜਦਾ ਹੈ। ਉੱਤਰੀ ਭਾਰਤ ਵਿੱਚ ਜਦੋਂ ਸਰਦ ਰੁੱਤ ਦੀ ਆਮਦ ਤੇ ਰਾਤਾਂ ਲੰਮੀਆਂ ਕੱਕਰ ਭਰੀਆਂ, ਵਧੇਰੇ ਸੰਘਣੇ ਹਨੇਰੇ ਵਾਲੀਆਂ ਹੋਣ ਲੱਗਦੀਆਂ ਸਨ ਤਾਂ ਦੀਵਿਆਂ ਦੀ ਮਹੱਤਤਾ ਹੋਰ ਵਧ ਜਾਂਦੀ ਸੀ।

ਦੀਵਾਲੀ ਦੀਵਿਆਂ ਦਾ ਤਿਉਹਾਰ ਹੈ ਅਤੇ ਦੀਵੇ ਦਾ ਧਰਮ ਹੈ ਕਿ ਉਹ ਹਨੇਰੇ ਖ਼ਿਲਾਫ਼ ਬਲਦਾ ਰਹੇ। ਅੱਜ ਸਾਨੂੰ ਹਨੇਰੀਆਂ ਰਾਤਾਂ ਨੂੰ ਰੌਸ਼ਨ ਕਰਨ ਲਈ ਦੀਵਿਆਂ ਦੀ ਲੋੜ ਭਾਵੇਂ ਨਹੀਂ ਰਹੀ, ਪਰ ਸਾਡੇ ਮਨਾਂ ਅੰਦਰਲੇ ਪਸਰੇ ਅੰਧਕਾਰ ਨੂੰ ਦੂਰ ਕਰਨ ਲਈ ਸਾਨੂੰ ਗਿਆਨ ਦੇ ਚਿਰਾਗਾਂ ਦੀ ਪਹਿਲਾਂ ਨਾਲੋਂ ਵੀ ਕਿਤੇ ਵੱਧ ਲੋੜ ਹੈ। ਮਨੁੱਖ ਬੇਸ਼ੱਕ ਵਿਕਾਸ ਕਰ ਰਿਹਾ ਹੈ ਪਰ ਮਨਾਂ ਅੰਦਰਲੇ ਅੰਧਕਾਰ ਅੱਜ ਵੀ ਵਧ ਰਹੇ ਹਨ। ਅੱਜ ਸਾਡੇ ਮਨਾਂ ਅੰਦਰ ਵਿਖਾਵੇ ਦੀ ਮਨੋਬਿਰਤੀ ਬੜੀ ਪ੍ਰਬਲ ਹੋ ਗਈ ਹੈ। ਦੀਵਾਲੀ ਦੇ ਨਾਲ ਆਤਿਸ਼ਬਾਜ਼ੀ ਨੂੰ ਜੋੜ ਦਿੱਤਾ ਗਿਆ। ਸਾਡੇ ਧਰਮ ਅਸਥਾਨ ਜਿੱਥੋਂ ਲੋਕਾਈ ਨੂੰ ਮਾਨਵਤਾ ਦਾ ਪੈਗ਼ਾਮ ਮਿਲਣਾ ਹੁੰਦਾ ਹੈ ਉੱਥੇ ਵੀ ਹੁਣ ਬੰਬ ਪਟਾਕੇ ਚਲਾ ਕੇ ਹਵਾ ਨੂੰ ਪਲੀਤ ਕਰਨ

ਵਰਗੀਆਂ ਸਰਗਰਮੀਆਂ ਸ਼ੁਰੂ ਹੋ ਗਈਆਂ ਹਨ । ਸਾਡੇ ਮਹਾਨ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਸ ਹਵਾ, ਮਿੱਟੀ, ਪਾਣੀ ਨੂੰ ਸਾਫ਼ ਰੱਖਣ ਦਾ ਸਾਨੂੰ ਪੈਗ਼ਾਮ ਦਿੱਤਾ ਸੀ ਉਸ ਦੇ ਉਸ ਪੈਗ਼ਾਮ ਦੀ ਅਵੱਗਿਆ ਉਨ੍ਹਾਂ ਦੇ ਨਾਂ 'ਤੇ ਹੀ ਅਸੀਂ ਕਰਨ ਲੱਗ ਪਏ ਹਾਂ । ਅਸੀਂ ਪ੍ਰਭਾਤ-ਫੇਰੀਆਂ, ਗੁਰਪੁਰਬਾਂ 'ਤੇ ਵੱਡੇ ਬੰਬ ਪਟਾਕੇ ਹਵਾ ਵਿੱਚ ਛੱਡ ਕੇ ਹਵਾ ਨੂੰ ਪਲੀਤ ਕਰਕੇ ਆਪਣੇ ਗੁਰੂ ਪ੍ਰਤੀ ਪਤਾ ਨਹੀਂ ਕਿਸ ਤਰ੍ਹਾਂ ਦੀ ਸ਼ਰਧਾ ਦਾ ਵਿਖਾਵਾ ਕਰਨਾ ਚਾਹੁੰਦੇ ਹਾਂ?

ਅੱਜ ਦਾ ਮਨੁੱਖ ਭਾਵੇਂ ਆਪਣੇ-ਆਪ ਦਾ ਵਿਕਾਸ ਕਰਨ ਦਾ ਦਾਅਵਾ ਕਰਦਾ ਹੈ ਪਰ ਹਕੀਕਤ ਇਹ ਹੈ ਕਿ ਅੱਜ ਵੀ ਸਾਡੇ ਮਨਾਂ ਵਿੱਚ ਕਈ ਤਰ੍ਹਾਂ ਦੇ ਅੰਧਕਾਰ ਪਸਰੇ ਹੋਏ ਹਨ । ਸਾਡਾ ਅਜੋਕਾ ਸਮਾਜ ਭਾਵੇਂ ਪੜ੍ਹ-ਲਿਖ ਰਿਹਾ ਹੈ, ਵਿਗਿਆਨਕ ਤਕਨੀਕਾਂ ਦੀ ਵਰਤੋਂ ਅਸੀਂ ਹਰ ਪਲ ਕਰ ਰਹੇ ਹਾਂ, ਪਰ ਸਮਾਜ ਦੀ ਬਹੁਗਿਣਤੀ ਅਜੇ ਵੀ ਕਈ ਤਰ੍ਹਾਂ ਦੇ ਅੰਧ-ਵਿਸ਼ਵਾਸਾਂ ਦੇ ਅੰਧਕਾਰ ਵਿੱਚ ਭਟਕ ਰਹੀ ਹੈ । ਅੰਧ-ਵਿਸ਼ਵਾਸ ਦੀਆਂ ਹੱਟੀਆਂ ਪਾਈ ਬੈਠੇ ਕੁਝ ਅਜਿਹੇ ਲੋਕ ਹਨ ਜੋ ਮਨੁੱਖ ਦੀ ਅਗਿਆਨਤਾ ਤੋਂ ਮੋਟੀਆਂ ਕਮਾਈਆਂ ਕਰਦੇ ਹਨ । ਸਾਡੀਆਂ ਔਲਾਦਾਂ ਨੂੰ ਅਗਿਆਨੀ ਅਤੇ ਅੰਧ-ਵਿਸ਼ਵਾਸ ਦੇ ਹਨੇਰਿਆਂ ਵਿੱਚ ਰੱਖਣ ਲਈ ਕਾਲੀਆਂ ਤਾਕਤਾਂ ਦੇ ਦਾਅਵੇਦਾਰ ਅੱਜ ਵੀ ਬੜੇ ਸਰਗਰਮ ਹਨ । ਸਾਨੂੰ ਗਿਆਨ-ਵਿਗਿਆਨ ਦੇ ਪ੍ਰਕਾਸ਼ ਦੀ ਲੋੜ ਹੈ । ਸਮਾਜ ਵਿੱਚ ਭ੍ਰਿਸ਼ਟਾਚਾਰ, ਮਾਰਾਮਾਰੀ, ਗ਼ਰੀਬੀ ਮੰਦਹਾਲੀ ਦਾ ਗਲਬਾ ਵਧ ਰਿਹਾ ਹੈ । ਰਿਸ਼ਵਤਖੋਰੀ ਅਤੇ ਕੁਟਿਲ ਨੀਤੀਆਂ ਨਾਲ ਦੂਜੇ ਨੂੰ ਪਛਾੜ ਕੇ ਅੱਗੇ ਲੰਘ ਜਾਣ ਦੀ ਪ੍ਰਵਿਰਤੀ ਨੂੰ ਸਨਮਾਨਜਨਕ ਸਮਝਿਆ ਜਾਣ ਲੱਗ ਪਿਆ ਹੈ । ਪੜ੍ਹੇ ਲਿਖੇ ਕੁਲੀਨ ਵਰਗ ਦਾ ਕਿਰਦਾਰ ਇਹ



ਹੈ ਕਿ ਇਹ ਆਪਣੀ ਜ਼ਬਾਨ, ਆਪਣੀ ਮਿੱਟੀ ਅਤੇ ਆਪਣੀਆਂ ਨਿੱਗਰ ਕਦਰਾਂ-ਕੀਮਤਾਂ ਨੂੰ ਤਿਆਗਣ ਵਿੱਚ ਮਾਣ ਮਹਿਸੂਸ ਕਰ ਰਿਹਾ ਹੈ । ਅਸੀਂ ਬੇਸ਼ੱਕ ਪੜ੍ਹ-ਲਿਖ ਗਏ ਹਾਂ ਪਰ ਸਾਡੇ ਮਨਾਂ ਅੰਦਰਲਾ ਅੰਧਕਾਰ ਹੋਰ ਸੰਘਣਾ ਹੋ ਰਿਹਾ ਹੈ ਜੋ ਸਾਡੇ ਲਈ ਬੇਹੱਦ ਖ਼ਤਰਨਾਕ ਹੈ । ਸਮਾਜ ਵਿੱਚ ਅੰਧ-ਵਿਸ਼ਵਾਸਾਂ, ਰੂੜੀਵਾਦੀ ਕਰਮ-ਕਾਂਡਾਂ ਦਾ ਗਲਬਾ ਤੇਜ਼ੀ ਨਾਲ ਵਧ ਰਿਹਾ ਹੈ । ਸਮਾਜ ਵਿੱਚ ਗੁੰਡਾ-ਗਰਦੀ, ਹਨੇਰ-ਗਰਦੀ, ਹੁੱਲੜਬਾਜ਼ੀ ਲਗਾਤਾਰ ਵਧ ਰਹੀ ਹੈ । ਸੰਚਾਰ ਦੇ ਸਾਧਨ ਸਾਡੇ ਸਮਾਜ ਦੇ ਦੁੱਖਾਂ ਦਰਦਾਂ ਦੀ ਗੱਲ ਕਰਨ ਦੀ ਬਜਾਏ ਲੋਕਾਂ ਨੂੰ ਧਰਮਾਂ, ਜ਼ਾਤਾਂ-ਪਾਤਾਂ, ਮੰਦਰਾਂ, ਮਸਜਿਦਾਂ ਦੇ ਝਗੜਿਆਂ ਵਿੱਚ ਉਲਝਾਅ ਕੇ ਸਮਾਜ ਵਿੱਚ ਪਈਆਂ ਵੰਡੀਆਂ ਨੂੰ ਹੋਰ ਵਧਾ ਰਹੇ ਹਨ । ਸਮਾਜ ਵਿੱਚ ਵਖਰੇਵੇਂ ਸਦੀਆਂ ਤੋਂ ਚੱਲੇ ਆ ਰਹੇ ਹਨ, ਪਰ ਇਨ੍ਹਾਂ ਨੂੰ ਫ਼ਿਰਕੂ ਰੰਗਤ ਦੇ ਕੇ ਆਪਣੀਆਂ ਰਾਜਨੀਤਕ ਰੋਟੀਆਂ ਸੇਕਣ ਦੀ ਪ੍ਰਵਿਰਤੀ ਅੱਜ ਦੇ ਸੱਭਿਅਕ ਅਖਵਾਏ ਜਾਣ ਵਾਲੇ ਸਾਡੇ ਸਮਾਜ ਵਿੱਚ ਸਿਖਰਾਂ 'ਤੇ ਹੈ । ਮਨੁੱਖੀ ਹੱਕਾਂ ਦੀ ਲੜਾਈ ਲੜਨ ਵਾਲੇ, ਮਾਨਵਤਾ ਦੀ ਗੱਲ ਕਰਨ ਵਾਲੇ ਬੁੱਧੀਜੀਵੀਆਂ, ਲੇਖਕਾਂ, ਪੱਤਰਕਾਰਾਂ, ਸਾਹਿਤਕਾਰਾਂ, ਦੇ ਕਤਲ ਹੋ ਰਹੇ ਹਨ । ਡਰ ਅਤੇ ਸਹਿਮ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ । ਸਾਨੂੰ ਅੱਜ ਇਨ੍ਹਾਂ ਸਭ ਤਰ੍ਹਾਂ ਦੀਆਂ ਹਨੇਰੀਆਂ ਤਾਕਤਾਂ ਖ਼ਿਲਾਫ਼ ਦੇਸ਼ ਦੀ ਹਰ ਨੁੱਕਰੇ ਗਿਆਨ ਵਿਗਿਆਨ ਦੇ ਦੀਵੇ ਬਾਲਣ ਦੀ ਲੋੜ ਹੈ । ਇਸ ਧਰਤੀ 'ਤੇ ਸਾਡੀਆਂ ਔਲਾਦਾਂ ਨੇ ਵੀ ਰਹਿਣਾ ਹੈ । ਇਸ ਲਈ ਬੜਾ ਜ਼ਰੂਰੀ ਹੈ ਕਿ ਇੱਥੇ ਮਨੁੱਖ ਦੇ ਰਹਿਣ ਲਈ ਸਾਜ਼ਗਾਰ ਮਾਹੌਲ ਬਣਿਆਂ ਰਹੇ । ਹਰ ਤਰ੍ਹਾਂ ਦੇ ਅੰਧਕਾਰ ਖ਼ਿਲਾਫ਼, ਰੌਸ਼ਨ ਦਿਮਾਗ਼ਾਂ ਵਾਲੇ ਲੋਕਾਂ ਨੂੰ ਗਿਆਨ ਦੇ ਦੀਪ ਬਾਲਣ ਦੀ ਲੋੜ ਹੈ ।

ਅਸੀਂ ਬੇਸ਼ੱਕ ਆਟੇ ਅਤੇ ਮਿੱਟੀ ਦੇ ਬਣੇ ਦੀਵਿਆਂ ਤੋਂ ਇਲੈਕਟ੍ਰਾਨਿਕ ਲੜੀਆਂ ਤਕ ਆ ਪਹੁੰਚੇ ਹਾਂ, ਪਰ ਸਾਡੇ ਕਿਰਦਾਰ ਦਿਨੋਂ-ਦਿਨ ਬੌਣੇ ਹੋ ਗਏ ਹਨ । ਸਾਡੇ ਜੀਵਨ 'ਚੋਂ ਪਵਿੱਤਰਤਾ ਗੁਆਚ ਰਹੀ ਹੈ । ਅਸੀਂ ਦੀਵਾਲੀ ਵਰਗੇ ਪਵਿੱਤਰ ਤਿਉਹਾਰ 'ਤੇ ਵੱਡੇ ਪੱਧਰ 'ਤੇ ਪ੍ਰਦੂਸ਼ਣ ਫੈਲਾਅ ਕੇ ਹਵਾ ਨੂੰ ਗੰਦਾ ਕਰਨ ਲੱਗ ਪਏ ਹਾਂ । ਇਸ ਦਿਨ ਕਰੋੜਾਂ-ਅਰਬਾਂ ਦੇ ਪਟਾਕੇ ਚਲਾ ਕੇ ਟਨਾਂ ਦੇ ਟਨ ਜ਼ਹਿਰੀਲੀਆਂ ਗੈਸਾਂ ਦਾ ਜ਼ਹਿਰ ਹਵਾਵਾਂ ਵਿੱਚ ਘੋਲ ਦਿੰਦੇ ਹਾਂ । ਮਿੱਟੀ ਅਤੇ ਪਾਣੀ ਦੀ ਵੱਡੀ ਪੱਧਰ 'ਤੇ ਬਰਬਾਦੀ ਹੁੰਦੀ ਹੈ । ਧੂੰਏਂ ਨਾਲ ਭਰੀ ਹਵਾ ਵਿੱਚ ਸਾਹ ਲੈਣਾ ਵੀ ਔਖਾ ਹੋ ਜਾਂਦਾ ਹੈ । ਸਾਨੂੰ ਆਪਣੇ ਤਿਉਹਾਰਾਂ 'ਤੇ ਜਸ਼ਨ ਮਨਾਉਣੇ ਚਾਹੀਦੇ ਹਨ, ਪਰ ਇਸ ਤਰ੍ਹਾਂ ਬੰਬ ਪਟਾਕੇ ਚਲਾ ਕੇ ਹਰਗਿਜ਼ ਨਹੀਂ । ਸਾਡਾ ਆਲਾ-ਦੁਆਲਾ ਦਿਨੋਂ-ਦਿਨ ਪਲੀਤ ਹੋ ਰਿਹਾ ਹੈ । ਹਾਲਾਤ ਇਹ ਬਣ ਜਾਂਦੇ ਹਨ ਕਿ ਕਈ ਵਾਰ ਸਾਡੇ ਲਈ ਸਾਹ ਲੈਣਾ ਵੀ ਔਖਾ ਹੋ ਜਾਂਦਾ ਹੈ । ਪੰਛੀ, ਜੀਵ, ਜੰਤੂ ਅਤੇ ਵੱਡੇ-ਛੋਟੇ ਜਾਨਵਰ ਉੱਚੀ ਆਵਾਜ਼ ਵਿੱਚ ਚੱਲਦੇ ਪਟਾਕਿਆਂ ਨਾਲ ਤਰਾਹ ਜਾਂਦੇ ਹਨ । ਇਨ੍ਹਾਂ ਵਿੱਚ ਡਰ ਅਤੇ ਖ਼ੌਫ਼ ਪੈਦਾ ਹੁੰਦਾ ਹੈ । ਰੁੱਖ, ਪੌਦੇ, ਬਨਸਪਤੀ ਆਦਿ ਵੀ ਧੂੰਏਂ ਤੋਂ ਬੇਹੱਦ ਪ੍ਰਭਾਵਿਤ ਹੁੰਦੇ ਹਨ । ਸਾਨੂੰ ਇਹ ਵਿਚਾਰਨ ਦੀ ਲੋੜ ਹੈ ਕਿ ਇਹ ਧਰਤੀ ਕੇਵਲ ਮਨੁੱਖ ਦੇ ਰਹਿਣ ਲਈ ਨਹੀਂ ਹੈ ਇਸ 'ਤੇ ਦੂਜੇ ਜੀਵਾਂ ਦਾ ਵੀ ਹੱਕ ਹੈ । ਪਿਛਲੇ ਸਾਲ ਇਨ੍ਹਾਂ ਦਿਨਾਂ ਦੌਰਾਨ ਧੂੰਏਂ ਅਤੇ ਗਰਦ ਦੇ ਗੁਬਾਰ ਨੇ ਉੱਤਰੀ ਭਾਰਤ ਨੂੰ ਕਈ ਦਿਨ ਆਪਣੀ ਗ੍ਰਿਫ਼ਤ ਵਿੱਚ ਲਈ ਰੱਖਿਆ ਸੀ । ਇਸ ਨਾਲ ਵੱਖ-ਵੱਖ ਬਿਮਾਰੀਆਂ ਤੋਂ ਪੀੜਿਤ ਕਈ ਲੋਕ ਰੱਬ ਨੂੰ ਪਿਆਰੇ ਹੋ ਗਏ ਸਨ । ਕਈ ਸਾਹ ਦਮੇ ਅਤੇ ਦਿਲ ਦੇ ਮਰੀਜ਼ ਤਰਾਹ-ਤਰਾਹ ਕਰਨ ਲੱਗ ਪਏ ਸਨ । ਨਿੱਕੇ



ਮਾਸੂਮ ਬੱਚਿਆਂ ਦੀ ਮੌਤ ਦਰ ਵੀ ਅਚਾਨਕ ਵਧ ਗਈ ਸੀ । ਕਈ ਸ਼ਹਿਰਾਂ ਵਿੱਚ ਸਕੂਲੀ ਬੱਚੇ ਤਖ਼ਤੀਆਂ ਲੈ ਕੇ ਸੜਕਾਂ 'ਤੇ ਆ ਗਏ ਸਨ, ਜਿਨ੍ਹਾਂ 'ਤੇ ਉਨ੍ਹਾਂ ਲਿਖਿਆ ਸੀ 'ਸਾਡੇ ਸਾਹ ਲੈਣ ਲਈ ਕੁਝ ਕਰੋ ।' ਧੂੰਏਂ ਦੇ ਗੁਬਾਰ ਨਾਲ ਪਸ਼ੂ ਪੰਛੀਆਂ ਸਮੇਤ ਮਨੁੱਖਾਂ, ਬੱਚਿਆਂ ਸਭ ਦੀ ਜ਼ਿੰਦਗੀ ਦੇ ਕੁਝ ਸਾਲ ਘੱਟ ਹੋ ਜਾਂਦੇ ਹਨ । ਜਦੋਂ ਅਸੀਂ ਪਟਾਕੇ ਚਲਾ ਕੇ ਹਵਾ ਨੂੰ ਗੰਦਾ ਕਰ ਰਹੇ ਹੁੰਦੇ ਹਾਂ ਤਾਂ ਸਾਡੇ ਆਸ-ਪਾਸ ਕੋਈ ਸਾਹ ਦਮੇ ਦਾ ਮਰੀਜ਼ ਜ਼ਿੰਦਗੀ-ਮੌਤ ਦੀ ਲੜਾਈ ਲੜ ਰਿਹਾ ਹੁੰਦਾ ਹੈ । ਜਦੋਂ ਅਸੀਂ ਪਟਾਕਿਆਂ ਦੀ ਜ਼ਹਿਰੀਲੀ ਗੈਸ ਹਵਾ ਵਿੱਚ ਘੋਲ ਰਹੇ ਹੁੰਦੇ ਹਾਂ ਸਾਡੇ ਨੇੜੇ-ਤੇੜੇ ਕਿਸੇ ਹਸਪਤਾਲ ਵਿੱਚ ਕੋਈ ਮਾਂ ਸਾਹ ਦੇ ਰੋਗ ਤੋਂ ਪੀੜਿਤ ਮਾਸੂਮ ਬੱਚੇ ਦੇ ਠੀਕ ਹੋਣ ਦੀ ਆਸ ਕਰ ਰਹੀ ਹੁੰਦੀ ਹੈ । ਆਓ ਆਪਾਂ ਸਭ ਇਸ ਵਾਰ ਇਹ ਪ੍ਰਣ ਕਰੀਏ ਕਿ ਅਸੀਂ ਇਨ੍ਹਾਂ 'ਮੌਤ ਵਰਗੇ ਦਿਨਾਂ' ਦੀ ਸਿਰਜਣਾ ਕਰਨ ਦੇ ਹਿੱਸੇਦਾਰ ਨਹੀਂ ਬਣਾਂਗੇ ।

ਸਾਨੂੰ ਚਾਹੀਦਾ ਹੈ ਕਿ ਇਸ ਦਿਨ ਅਸੀਂ ਫ਼ਜ਼ੂਲ ਖ਼ਰਚੀ ਕਰਨ ਦੀ ਬਜਾਏ ਲੋੜਵੰਦਾਂ ਦੇ ਕੰਮ ਆਈਏ । ਆਲੇ-ਦੁਆਲੇ ਕੰਮ ਕਰਦੇ ਕਿਰਤੀ ਲੋਕਾਂ, ਭਾਵੇਂ ਉਹ ਅਖ਼ਬਾਰ ਦੇ ਕੇ ਜਾਣ ਵਾਲਾ ਹੈ ਜਾਂ ਸਾਡੇ ਲਈ ਗੈਸ ਦੀ ਸਪਲਾਈ ਕਰਦਾ ਹੈ ਜਾਂ ਸਾਡੇ ਘਰ ਦੇ ਆਲੇ-ਦੁਆਲੇ ਸਫ਼ਾਈ ਕਰਦਾ ਹੈ, ਉਸ ਨਾਲ ਦੀਵਾਲੀ ਦੀ ਖ਼ੁਸ਼ੀ ਸਾਂਝੀ ਕਰੀਏ । ਘਰਾਂ ਵਿੱਚ ਫੁੱਲ ਬੂਟੇ ਲਾਈਏ, ਪਟਾਕਿਆਂ ਦੀ ਬਜਾਏ ਗਮਲੇ ਅਤੇ ਕਿਤਾਬਾਂ ਖ਼ਰੀਦੀਏ । ਘਰ ਵਿੱਚ ਲੱਗੇ ਗਮਲਿਆਂ ਨੂੰ ਰੰਗ ਰੋਗਨ ਕਰੀਏ । ਨਵੇਂ ਬੂਟੇ ਲਾਈਏ । ਲੋੜਵੰਦਾਂ ਦੀ ਮਦਦ ਕਰੀਏ, ਚਾਰ-ਪੰਜ ਹਜ਼ਾਰ ਰੁਪਏ ਦੇ ਪਟਾਕੇ ਖ਼ਰੀਦਣ ਨਾਲੋਂ ਉਸ ਬੱਚੇ ਦੀ ਮਦਦ ਕਰੀਏ, ਜਿਸ ਨੂੰ ਕਿਤਾਬਾਂ ਕਾਪੀਆਂ ਦੀ ਲੋੜ ਹੈ । ਉਸ ਬੱਚੇ ਦੀ ਮਦਦ ਲਈ ਹੱਥ ਵਧਾਈਏ, ਜੋ ਆਪਣੀ ਸਕੂਲ ਦੀ ਫ਼ੀਸ ਨਹੀਂ ਦੇ ਸਕਿਆ ।

ਸਾਡੇ ਦੇਸ਼ ਦੀ ਮਿੱਟੀ ਦੇ ਜਾਏ ਸਦੀਆਂ ਤੋਂ ਹਨੇਰਗਰਦੀ ਖ਼ਿਲਾਫ਼ ਜੂਝਦੇ ਆਏ ਹਨ । ਇੱਥੋਂ ਦੇ ਦਾਨਿਸ਼ਵਰ, ਸਾਹਿਤਕਾਰ, ਵਿਦਵਾਨ, ਆਲਮ ਵੀ ਅੰਧਕਾਰ ਦੇ ਖ਼ਿਲਾਫ਼ ਸਮੇਂ-ਸਮੇਂ ’ਤੇ ਆਪਣੀ ਆਵਾਜ਼ ਬੁਲੰਦ ਕਰਦੇ ਰਹੇ ਹਨ । ਗੁਰੂ ਨਾਨਕ ਦੇਵ ਜੀ, ਭਗਤ ਕਬੀਰ ਸਾਹਿਬ ਅਤੇ ਬੁੱਲ੍ਹੇ ਸ਼ਾਹ ਵਰਗੇ ਦਰਵੇਸ਼ਾਂ ਨੇ ਕੱਟੜ ਤੇ ਰੂੜੀਵਾਦੀ ਧਾਰਨਾਵਾਂ ਖ਼ਿਲਾਫ਼ ਲੋਕਾਈ ਨੂੰ ਜਾਗ੍ਰਿਤ ਕੀਤਾ । ਗੁਰੂ ਨਾਨਕ ਦੇਵ ਜੀ ਦੇ ਆਗਮਨ ਦੀ ਭਾਈ ਗੁਰਦਾਸ ਜੀ ਨੇ ਉਸ ਸਮੇਂ ਸਮਾਜ ਵਿੱਚ ਪਏ ਹਨੇਰੇ ਖ਼ਿਲਾਫ਼ ਸੱਚ ਦਾ ਸੂਰਜ ਚੜ੍ਹਨ ਨਾਲ ਤੁਲਨਾ ਕੀਤੀ । ਅੱਜ ਵੀ ਹਨੇਰਗਰਦੀ ਖ਼ਿਲਾਫ਼ ਸਾਡੇ ਸਮਾਜ ਨੂੰ ਬਦਲੇ ਅੱਖਰਾਂ ਦੀ ਲੋੜ ਹੈ । ਦਾਨਸ਼ਵਰਾਂ, ਵਿਦਵਾਨਾਂ, ਆਰਿਫ਼ਾਂ ਦੀ ਅਗਵਾਈ ਦੀ ਲੋੜ ਹੈ ਤਾਂ ਕਿ ਮਨਾਂ ਅੰਦਰਲੇ ਅੰਧਕਾਰ ਨੂੰ ਦੂਰ ਕਰਕੇ ਇਸ ਸਮਾਜ ਨੂੰ ਅਜਿਹੇ ਇਨਸਾਨਾਂ ਦਾ ਸਮਾਜ ਬਣਾਇਆ ਜਾ ਸਕੇ ਜਿਨ੍ਹਾਂ ’ਤੇ ਮਾਣ ਕੀਤਾ ਜਾ ਸਕੇ । ਸਾਨੂੰ ਇਸ ਦਿਨ ਅਹਿਦ ਕਰਨ ਦੀ ਲੋੜ ਹੈ ਕਿ ਅਸੀਂ ਆਪਣੇ ਮਨਾਂ ਦੇ ਨਾਲ-ਨਾਲ ਇਸ ਸਮਾਜ ’ਚੋਂ ਅੰਧਕਾਰ ਦੂਰ ਕਰਨ ਲਈ ਵੀ ਯਤਨਸ਼ੀਲ ਹੋਵਾਂਗੇ । ਸਾਨੂੰ ਦੀਵਾਲੀ ਦੇ ਤਿਉਹਾਰ ’ਤੇ ਆਪਣੇ ਅੰਦਰ ਅਤੇ ਬਾਹਰ ਮਾਨਵਵਾਦੀ ਦ੍ਰਿਸ਼ਟੀ ਨਾਲ ਝਾਤ ਪਾਉਣ ਦੀ ਲੋੜ ਹੈ । ਆਓ, ਦੀਵਾਲੀ ਦੇ ਇਸ ਪਵਿੱਤਰ ਤਿਉਹਾਰ ’ਤੇ ਆਪਣੇ ਮਨਾਂ ਨੂੰ ਗਿਆਨ ਦੀ ਰੌਸ਼ਨੀ ਨਾਲ ਰੁਸ਼ਨਾਉਣ ਦੇ ਨਾਲ-ਨਾਲ ਹਨੇਰਿਆਂ ਖ਼ਿਲਾਫ਼ ਬਲਦੇ ਰਹਿਣ ਦਾ ਸੰਕਲਪ ਕਰੀਏ ।

-ਜ਼ੀਰਾ, ਮੋ: **98550-51099**

(ਰੋ: ਅਜੀਤ **15-10-2017** ’ਚੋਂ ਧੰਨਵਾਦ ਸਹਿਤ!)



# ਮਿੱਟੀ ਦੇ ਦੀਵੇ ਦੀ ਪੁਕਾਰ

**ਪ੍ਰੋ. ਹਮਦਰਦਵੀਰ ਨੌਸ਼ਹਿਰਵੀ**

ਕਈ ਦਿਨ ਮੈਂ ਉਡੀਕਦਾ ਰਿਹਾ ਫੇਰੀ ਵਾਲਾ ਘੁੰਮਿਆਰ ਆਵੇਗਾ । ਖੱਚਰ-ਰੇਹੜੀ ਉੱਤੇ ਲੱਦ ਕੇ ਮਿੱਟੀ ਦੇ ਦੀਵੇ ਲਿਆਵੇਗਾ, ਹੋਕਾ ਦੇਵੇਗਾ । ਮੈਂ ਕੁਝ ਮਿੱਟੀ ਦੇ ਦੀਵੇ ਖ਼ਰੀਦ ਲਵਾਂਗਾ । ਦੋ ਤਿੰਨ ਦਿਨ ਪਾਣੀ ਵਿੱਚ ਭਿਉਂ ਕੇ ਰੱਖਾਂਗਾ । ਦੀਵਾਲੀ ਵਾਲੀ ਸ਼ਾਮ ਇਨ੍ਹਾਂ ਦੀਵਿਆਂ ਵਿੱਚ ਸਰ੍ਹੋਂ ਦਾ ਤੇਲ ਪਾ ਕੇ, ਰੂੰ ਦੀਆਂ ਵੱਟੀਆਂ ਵੱਟ ਕੇ, ਇਕ-ਇਕ ਵੱਟੀ ਇਕ-ਇਕ ਦੀਵੇ ਵਿੱਚ ਰੱਖਾਂਗਾ । ਦੀਆ ਸਲਾਈ ਨਾਲ ਮੈਂ ਇਕ ਦੀਵਾ ਜਗਾਵਾਂਗਾ, ਦੀਵੇ ਦੀ ਜਗਦੀ ਵੱਟੀ ਦੂਜਿਆਂ ਦੀਆਂ ਵੱਟੀਆਂ ਨਾਲ ਲਗਾਵਾਂਗਾ । ਸਾਰੇ ਦੀਵੇ ਜਗ ਪੈਣਗੇ ।

ਪਰ ਦੀਵੇ ਵੇਚਣ ਵਾਲਾ ਘੁਮਿਆਰ ਤਾਂ ਮਿੱਟੀ ਦੇ ਦੀਵੇ ਲੈ ਕੇ ਆਇਆ ਹੀ ਨਾ । ਪਿਛਲੀ ਤੋਂ ਪਿਛਲੀ ਦੀਵਾਲੀ ਵੇਲੇ ਦੇ ਪੰਜ ਦੀਵੇ ਮੇਰੇ ਪਾਸ ਅਣਵਰਤੇ ਪਏ ਸਨ । ਮੈਂ ਤੇਲ, ਵੱਟੀਆਂ ਪਾ ਕੇ ਇਹ ਦੀਵੇ ਜਗਾ ਦਿੱਤੇ ਹਨ । ਇਕ ਜਗਦਾ ਦੀਵਾ ਮੈਂ ਪਲੇਟ ਵਿੱਚ ਰੱਖ ਕੇ, ਫ਼ਰਸ਼ ਦੀ ਉਸ ਥਾਂ ਉੱਤੇ ਰੱਖ ਦਿੱਤਾ ਹੈ, ਕੈਂਸਰ ਦੀ ਬਿਮਾਰੀ ਨਾਲ ਜੂਝ ਰਹੀ, ਜਿੱਥੇ ਡੱਠੀ ਮੰਜੀ ਉੱਤੇ ਮੇਰੀ ਪਤਨੀ ਲੇਟਿਆ ਕਰਦੀ ਸੀ । ਮੈਂ ਆਪਣੀ ਪਤਨੀ ਨੂੰ ਕਿਹਾ, ਮੈਂ ਤੈਨੂੰ ਹੁਣ ਵੀ ਯਾਦ ਕਰਦਾ ਹਾਂ, ਤੂੰ ਹਮੇਸ਼ਾਂ ਚਾਨਣ ਵਿੱਚ ਰਹੇਂ, ਮੈਂ ਦੁਆ ਕਰਦਾ ਹਾਂ । ਇਕ ਜਗਦਾ ਦੀਵਾ ਮੈਂ ਕਟੋਰੀ ਵਿੱਚ ਰੱਖ ਕੇ ਆਪਣੇ ਪੜ੍ਹਨ-ਲਿਖਣ ਵਾਲੇ ਟੇਬਲ ਉੱਤੇ ਰੱਖ ਦਿੱਤਾ ਹੈ । ਮੇਰੇ ਅੱਖਰੋ, ਮੇਰੇ ਅੱਗੇ-ਅੱਗੇ ਤੁਰੋ, ਮੈਨੂੰ ਚਾਨਣ ਦੀ ਮੰਜ਼ਿਲ ਤਕ ਪਹੁੰਚਾਉ । ਇਕ ਜਗਦਾ ਦੀਵਾ ਮੈਂ ਆਪਣੇ ਘਰ ਸਾਹਮਣੇ ਵਗਦੇ ਸੂਏ ਦੀ ਪਟੜੀ ਉੱਤੇ ਰੱਖ ਦਿੱਤਾ, “ਹੇ ਸੂਏ ਦੇ ਪਾਣੀ, ਜਿਨ੍ਹਾਂ

ਪੈਲੀਆਂ ਨੂੰ ਤੂੰ ਸਿੰਜਦਾ ਰਿਹਾ ਏਂ, ਕੀ ਉਹ ਪੈਲੀਆਂ ਕਿਸੇ ਡੇਰੇ ਜਾਂ ਕਿਸੇ ਭੂ-ਮਾਫ਼ੀਆ ਨੇ ਮੱਲ ਤਾਂ ਨਹੀਂ ਲਈਆਂ?" ਇਕ ਜਗਦਾ ਦੀਵਾ ਮੈਂ ਆਪਣੀ ਬੈਠਕ ਵਿੱਚ ਰੱਖ ਦਿੱਤਾ । ਦੀਵੇ ਨੇ ਮੈਨੂੰ ਪੁੱਛਿਆ, 'ਇੱਥੇ ਪਿਆਰੇ ਸੱਜਣ ਹੁਣ ਕਿਉਂ ਨਹੀਂ ਆਉਂਦੇ? ਸੋਫਿਆਂ ਉੱਤੇ ਬੈਠ ਕੇ ਬੱਚੇ ਟੀ.ਵੀ. ਕਿਉਂ ਨਹੀਂ ਵੇਖਦੇ ?' ਇਕ ਦੀਵਾ ਮੈਂ ਆਪਣੇ ਕਮਰੇ ਦੀ ਛੱਤ ਦੇ ਬਨੇਰੇ ਉੱਤੇ ਰੱਖਿਆ । ਮੈਂ ਦੀਵੇ ਦੀ ਬਰੀਕ ਜਿਹੀ ਲਾਟ ਨੂੰ ਕਿਹਾ, "ਲੱਖਾਂ ਜਗਦੀਆਂ ਬੁੱਝਦੀਆਂ ਬਿਜਲੀ ਦੀਆਂ ਰੌਸ਼ਨੀਆਂ ਦਾ ਮੁਕਾਬਲਾ ਕਰ।" ਲੋਕ ਹਿੱਤੂ ਕੋਈ ਵੱਡਾ ਕੰਮ ਕਰਨ ਤੋਂ ਪਹਿਲਾਂ ਬੰਦਾ ਇਕੱਲਾ ਹੀ ਹੁੰਦਾ ਹੈ । ਹੌਲੀ-ਹੌਲੀ ਬੰਦੇ ਮਿਲਦੇ ਜਾਂਦੇ ਹਨ । ਕਾਫ਼ਲਾ ਬਣਦਾ ਜਾਂਦਾ ਹੈ । ਅਰਬਾਂ-ਖ਼ਰਬਾਂ ਕਤਰਿਆਂ ਦੇ ਸੰਗ੍ਰਹਿ ਨਾਲ ਸਮੁੰਦਰ ਬਣਦਾ ਹੈ । ਛੇਵਾਂ ਦੀਵਾ ਮੈਂ ਕਣਕ ਦੇ ਗੁੰਨ੍ਹੇ ਹੋਏ ਆਟੇ ਦਾ ਬਣਾਇਆ, ਵਿੱਚ ਕੜਛੀ ਭਰ ਦੇਸੀ ਘਿਉ ਪਾਇਆ । ਘਿਉ ਦੀ ਭਿੱਜੀ ਜਗਦੀ ਰੂੰ ਦੀ ਵੱਟੀ ਦੀਵੇ ਵਿੱਚ ਰੱਖੀ । ਰਸੋਈ ਦੇ ਰਸਦ ਡੱਬੇ ਭਰੇ ਰਹਿਣ । ਪੱਕ ਰਹੀਆਂ ਰੋਟੀਆਂ ਦੀ ਮਹਿਕ ਆਉਂਦੀ ਰਹੇ ।

ਅੱਜਕੱਲ੍ਹ ਮਿੱਟੀ ਦੇ ਦੀਵੇ ਕੋਈ ਨਹੀਂ ਖ਼ਰੀਦਦਾ, ਪਰ ਅੱਜਕੱਲ੍ਹ ਆਟੇ ਦੇ ਦੀਵੇ ਕੌਣ ਬਾਲਦਾ ਹੈ? ਕਣਕ ਦਾ ਆਟਾ ਤਾਂ ਕਣਕ ਪੈਦਾ ਕਰਨ ਵਾਲੇ ਕਿਸਾਨਾਂ ਦਾ ਪੇਟ ਵੀ ਨਹੀਂ ਭਰਦਾ । ਲੋੜਾਂ ਥੁੜਾਂ ਦੇ ਮਾਰੇ ਦਰਜਨਾਂ ਕਿਸਾਨ ਰੋਜ਼ ਆਤਮ-ਹੱਤਿਆ ਕਰ ਰਹੇ ਹਨ । ਹਰ ਸਾਲ ਲੱਖਾਂ ਟਨ ਅਨਾਜ ਅਸਮਾਨ ਦੀ ਛੱਤ ਹੇਠਾਂ ਨੰਗਾ ਪਿਆ ਗਲ ਸੜ ਜਾਂਦਾ ਹੈ, ਪਰ ਲੱਖਾਂ ਅੱਧ ਭੁੱਖੇ ਪੇਟਾਂ ਤਕ ਨਹੀਂ ਪਹੁੰਚਦਾ ।

ਬੀਤੀ ਸ਼ਾਮ ਮੈਂ ਬਜ਼ਾਰ ਗਿਆ । ਸੋਚਦਾ ਸਾਂ ਦੀਵਾਲੀ ਦੇ ਸ਼ੁਭ ਅਵਸਰ ਸਮੇਂ ਕੋਈ ਖਾਣ-ਪੀਣ, ਪਹਿਨਣ ਵਾਲੀ ਵਸਤੂ ਖ਼ਰੀਦ



ਲਿਆਵਾਂ । ਮਿਠਿਆਈਆਂ, ਖ਼ੁਸ਼ਕ ਫਲਾਂ ਤੇ ਤਰ-ਫਲਾਂ, ਸਬਜ਼ੀਆਂ, ਖਿਡੌਣਿਆਂ, ਆਤਿਸ਼ਬਾਜ਼ੀ ਦੇ ਸਮਾਨ ਨਾਲ ਬਾਜ਼ਾਰ ਭਰਿਆ ਪਿਆ ਸੀ । ਸਾਰੇ ਫੁੱਟਪਾਥਾਂ ਉੱਤੇ ਦੀਵਾਲੀ ਦਾ ਸਮਾਨ, ਵਿਕਰੀ ਲਈ ਰੱਖਿਆ ਹੋਇਆ ਸੀ । ਨਕਲੀ ਸਿੰਥੈਟਿਕ ਦੁੱਧ ਦਾ ਬਣਿਆ ਖੋਆ ਵਿਕ ਰਿਹਾ ਸੀ । ਮਿਲਾਵਟੀ ਮਿਠਿਆਈਆਂ, ਨਕਲੀ ਘਿਉ ਵਿੱਚ ਕੱਢੀਆਂ ਸ਼ੁੱਧ ਦੇਸੀ ਜਲੇਬੀਆਂ, ਮਿਲਾਵਟੀ ਤੇਲ ਵਿੱਚ ਕੱਢੇ ਜਾ ਰਹੇ ਪਕੌੜੇ, ਮਰੇ ਹੋਏ ਭੁੰਨੇ ਮੁਰਗੇ, ਨਕਲੀ ਸ਼ਰਾਬ, ਰੰਗ ਚਾੜ੍ਹੇ ਨਕਲੀ ਸੁੱਕੇ ਮੇਵੇ ਤੇ ਰਸਾਇਣਾਂ ਨਾਲ ਪਕਾਏ ਫਲ, ਪੂਜਾ ਕਰਨ ਲਈ ਨਕਲੀ ਚਾਂਦੀ ਦੇ ਸਿੱਕੇ, ਰੋਗਨ ਕੀਤੇ ਗਿਲਟ ਦੇ ਬਰਤਨ, ਧੜਾ-ਧੜ ਵਿਕ ਰਹੇ ਸਨ । ਆਤਿਸ਼ਬਾਜ਼ੀ ਦੀਆਂ ਸੈਂਕੜੇ ਕਿਸਮਾਂ ਬਨਾਵਟੀ ਬਾਰੂਦ ਭਰੇ ਪਟਾਕੇ, ਪੱਕੀ ਮਿੱਟੀ ਦੀਆਂ ਬਣੀਆਂ ਝੱਕਰੀਆਂ ਅਤੇ ਭਗਵਾਨ ਦੀਆਂ ਮੂਰਤੀਆਂ (ਮੇਡ ਇਨ ਚਾਈਨਾ) ਵਿਕ ਰਹੀਆਂ ਸਨ । ਰੰਗ-ਬਰੰਗੇ ਛੋਟੇ-ਵੱਡੇ ਬਲਬਾਂ ਦੀਆਂ ਲੜੀਆਂ, ਇਕ ਅੱਖ ਮੀਟ ਕੇ ਇਸ਼ਾਰੇ ਕਰ ਰਹੀਆਂ ਸਨ ।

ਨਕਲੀ ਵਸਤਾਂ, ਨਕਲੀ ਬਾਜ਼ਾਰ, ਨਕਲੀ ਚਿਹਰੇ, ਨਕਲੀ ਪ੍ਰਚਾਰ, ਪਿਛਲੇ ਕਈ ਦਿਨਾਂ ਤੋਂ ਸਾਰੇ ਟੀ.ਵੀ. ਚੈਨਲਾਂ ਉੱਤੇ ਦੀਵਾਲੀ ਦੀ ਇਸ਼ਤਿਹਾਰਬਾਜ਼ੀ ਚੱਲ ਰਹੀ ਹੈ । ਤਿਉਹਾਰ ਘੱਟ ਤੇ ਵਪਾਰ ਵੱਧ ਹੈ । ਸ਼ਰਧਾ ਘੱਟ ਵਿਖਾਵਾ ਵੱਧ ਹੈ । ਮੇਲਾ ਹੈ, ਮਸਤੀ ਹੈ, ਜਸ਼ਨ ਹੈ, ਖ਼ਪਤ ਮੰਡੀ ਹੈ । ਗਾਹਕਾਂ ਨੂੰ ਵੱਧ ਤੋਂ ਵੱਧ ਲਾਲਚ ਦੇ ਕੇ ਆਪਣੇ ਵੱਲ ਖਿੱਚਿਆ ਜਾ ਰਿਹਾ ਸੀ । ਪੰਜ ਹਜ਼ਾਰ ਦਾ ਸਮਾਨ ਖ਼ਰੀਦੋ ਪੰਜਾਹ ਰੁਪਏ ਦੀ ਛੋਟ ਪਾਉ ।

ਆਤਿਸ਼ਬਾਜ਼ੀ ਚੱਲ ਰਹੀ ਸੀ । ਘਰ ਬਾਜ਼ਾਰ ਜ਼ਹਿਰੀਲੇ ਬਾਰੂਦੀ ਧੂੰਏਂ ਨਾਲ ਭਰੇ ਪਏ ਹਨ । ਝੋਨੇ ਦੇ ਵੱਢ ਵਿੱਚ ਪਰਾਲੀ ਨੂੰ ਅੱਗ ਲਾਈ

ਜਾ ਰਹੀ ਹੈ । ਖੇਤਾਂ ਵਿੱਚ ਧੂੰਆਂ ਹੀ ਧੂੰਆਂ ਹੈ । ਪ੍ਰਦੂਸ਼ਣ ਦਾ ਰਾਜ ਹੈ ।

ਸਲਫਰਡਾਇਆਕਸਾਈਡ, ਨਾਈਟਰੋਜਨਆਕਸਾਈਡ, ਸੋਡੀਅਮ, ਪੋਟਾਸ਼ੀਅਮ ਅਤੇ ਸਿਹਤ ਲਈ ਘਾਤਕ ਤੱਤ ਹਵਾ ਵਿੱਚ ਫੈਲੇ ਹੋਏ ਹਨ । ਅੱਖਾਂ, ਚਮੜੀ, ਫੇਫੜਿਆਂ ਉੱਤੇ ਮਾਰੂ ਅਸਰ ਪੈ ਰਿਹਾ ਹੈ । ਕਾਰਬਨਮੋਨੋਆਕਸਾਈਡ ਓਜ਼ੋਨ ਪਰਤ ਵਿੱਚ ਛੇਕ ਕਰ ਰਹੀ ਹੈ । ਪਟਾਕਿਆਂ ਵਿੱਚ ਭਰੀਆਂ ਗਈਆਂ ਜ਼ਹਿਰੀਲੀਆਂ ਰਸਾਇਣਾਂ ਡਾਢਾ ਨੁਕਸਾਨ ਕਰ ਰਹੀਆਂ ਹਨ । ਸ਼ੋਰ-ਪ੍ਰਦੂਸ਼ਣ ਕੂੜ ਦੀ ਕਚਹਿਰੀ ਲਾਈ ਬੈਠਾ ਹੈ । ਸਿਆਣੇ ਮਨੁੱਖ, ਪਸ਼ੂ, ਪੰਛੀ ਸਹਿਮ ਕੇ ਨੁੱਕਰੇ ਲੱਗੇ ਹੋਏ ਹਨ । ਬੈਠਕਾਂ ਵਿੱਚ ਜੂਏਬਾਜ਼ੀ ਸ਼ਰਾਬ ਦੇ ਨਾਲ-ਨਾਲ ਦੂਜੇ ਕਮਰੇ ਵਿੱਚ ਪੂਜਾ ਚੱਲ ਰਹੀ ਹੈ । ਉੱਚੀ-ਉੱਚੀ ਹਾਰਨ ਵੱਜ ਰਹੇ ਹਨ । ਟਰੈਫ਼ਿਕ ਜਾਮ ਹੋਇਆ ਪਿਆ ਹੈ ।

ਮੁਲਾਜ਼ਮ ਛੋਟੇ ਅਫ਼ਸਰਾਂ ਲਈ ਅਤੇ ਛੋਟੇ ਅਫ਼ਸਰ ਵੱਡੇ ਅਫ਼ਸਰਾਂ, ਮੰਤਰੀਆਂ, ਚੈਅਰਮੈਨਾਂ ਲਈ ਦਰਜਾਬੰਦੀ ਤੋਹਫ਼ੇ ਖ਼ਰੀਦ ਰਹੇ ਹਨ । ਵੱਡਾ ਟੀ.ਵੀ., ਸਕਰੀਨ, ਮੋਬਾਇਲ, ਫਰਿੱਜ਼, ਸਾਊਂਡ ਸਿਸਟਮ, ਓਵਨ, ਵੀ.ਸੀ.ਆਰ., ਲੈਪਟਾਪ, ਵਿਦੇਸ਼ੀ ਸ਼ਰਾਬ, ਮਦਰਾਸੀ ਸਾੜ੍ਹੀ, ਵਾਸ਼ਿੰਗ ਮਸ਼ੀਨ, ਡਾਇਮੰਡ, ਨਕਲੀ ਗਹਿਣੇ ਖ਼ਰੀਦੇ ਜਾ ਰਹੇ ਹਨ । ਦਵਾਈਆਂ, ਰੀਫਾਈਂਡ ਘਿਉ, ਸਰ੍ਹੋਂ ਦਾ ਤੇਲ, ਰੋਗਨ ਬਣਾਉਣ ਵਾਲੀਆਂ ਕੰਪਨੀਆਂ ਸਰਕਾਰੀ ਪ੍ਰਤੀਨਿਧਾਂ ਨੂੰ ਕਾਰ, ਫਲੈਟ ਆਦਿ ਦੇ ਦੀਵਾਲੀ ਦੇ ਮੋਟੇ ਤੋਹਫ਼ੇ ਦੇਣ ਦੀ ਪੇਸ਼ਕਸ਼ ਕਰ ਰਹੀਆਂ ਹਨ । ਨੌਕਰੀ, ਟਰਾਂਸਫ਼ਰ, ਲਾਈਸੈਂਸ ਦੇਣ ਵਾਲੇ ਮੰਤਰੀਆਂ, ਅਫ਼ਸਰਾਂ ਲਈ ਮਹਿੰਗੇ ਤੋਹਫ਼ੇ ਖ਼ਰੀਦੇ ਜਾ ਰਹੇ ਹਨ ।

ਅਸਲ ਦੀਵਾਲੀ ਤਾਂ ਕੁਝ ਮੰਤਰੀਆਂ, ਚੈਅਰਮੈਨਾਂ, ਅਫ਼ਸਰਾਂ



ਦੀ ਹੁੰਦੀ ਹੈ । ਮਹਿੰਗੇ ਤੋਹਫ਼ਿਆਂ ਦਾ ਭ੍ਰਿਸ਼ਟਾਚਾਰ ਮਾਹੌਲ ਨੂੰ ਹੋਰ ਵੀ ਪ੍ਰਦੂਸ਼ਤ ਕਰ ਦਿੰਦਾ ਹੈ । ਧਨ ਲਕਸ਼ਮੀ ਦੀ ਪੂਜਾ ਹੁੰਦੀ ਹੈ, ਜੂਏਬਾਜ਼ੀ, ਸ਼ਰਾਬਬਾਜ਼ੀ, ਖ਼ਰੂਦਬਾਜ਼ੀ ਹੁੰਦੀ ਹੈ, ਪਟਾਕਿਆਂ ਦਾ ਕੰਨ ਪਾੜੂ ਸ਼ੋਰ ਹੁੰਦਾ ਹੈ । ਕੰਨਾਂ ਦੇ ਪਰਦੇ ਪਾਟ ਜਾਂਦੇ ਹਨ, ਮਾਨਸਿਕ ਪ੍ਰੇਸ਼ਾਨੀ, ਤਣਾਉ ਵਧਦਾ ਹੈ, ਦਿਲ ਦੇ ਮਰੀਜ਼ ਹੋਰ ਤੰਗ ਹੁੰਦੇ ਹਨ ।

ਰਾਮ ਤਾਂ ਉੱਚੇ ਰਾਜ ਸਿੰਘਾਸਨ ਉੱਤੇ ਬੈਠੇ ਹਨ । ਹਰ ਪਾਸੇ ਰਾਵਣ ਪ੍ਰਧਾਨ ਹੈ । ਭ੍ਰਿਸ਼ਟਾਚਾਰ ਦਾ ਰਾਵਣ, ਘਪਲੇ-ਘੁਟਾਲਿਆਂ ਦਾ ਰਾਵਣ, ਅਨਪੜ੍ਹਤਾ-ਜਹਾਲਤ ਦਾ ਰਾਵਣ, ਫਿਰਕਾਪ੍ਰਸਤੀ-ਮੂਲਵਾਦ ਦਾ ਰਾਵਣ, ਰਿਸ਼ਵਤਖੋਰੀ, ਮਿਲਾਵਟਖੋਰੀ, ਤਸਕਰੀ ਦੇ ਰਾਵਣ, ਕਾਮ-ਜਾਨੂੰਨ ਦੇ ਰਾਖ਼ਸ਼ ਰਾਵਣ, ਅੰਦਰਲੇ ਰਾਵਣ, ਬਾਹਰਲੇ ਰਾਵਣ, ਅਨੇਕਾਂ ਰਾਵਣ ਹਨ । ਬਦੀ ਤੇ ਪਰਿਵਾਰਵਾਦ ਦਾ ਰਾਜ ਹੈ ।

ਦੀਵਾਲੀ ਵਾਲੀ ਰਾਤ ਕਰੋੜਾਂ ਰੁਪਏ ਦਾ ਚਾਲੂ ਮਾਲ ਸੜ ਕੇ ਸਵਾਹ ਹੋ ਜਾਂਦਾ ਹੈ । ਅੱਗਾਂ ਲੱਗਦੀਆਂ ਹਨ । ਦੁਰਘਟਨਾਵਾਂ ਵਾਪਰਦੀਆਂ ਹਨ । ਬੱਚੇ ਅੰਨ੍ਹੇ ਅਤੇ ਅੰਗਹੀਣ ਹੋ ਜਾਂਦੇ ਹਨ ।

ਦੀਵਾਲੀ ਦੀ ਰਾਤ ਤੋਂ ਬਾਅਦ ਅਗਲੀ ਸਵੇਰ ਦੇਖੋ ਚਾਰੇ ਪਾਸੇ ਗਲੀਆਂ, ਬਜ਼ਾਰਾਂ, ਪਾਰਕਾਂ ਵਿੱਚ ਫੈਲੀ ਹੋਈ ਗ਼ੰਦਗੀ ਦੇ ਅੰਬਾਰ ਲੱਗੇ ਹੁੰਦੇ ਹਨ। ਸੜੇ ਹੋਏ ਪਟਾਕਿਆਂ ਦੇ ਖੋਲ, ਖਿੱਲਰੇ ਡੱਬੇ, ਬਲੀਆਂ ਤੀਲੀਆਂ, ਬੰਬਾਂ, ਚੱਕਰਾਂ ਦੇ ਸੜੇ ਖੋਲ, ਧੁਆਂਖੀਆਂ ਫ਼ਰਸ਼ਾਂ, ਸੜਿਆ ਘਾਹ, ਸੜੇ ਪੌਦੇ, ਇੰਝ ਲੱਗਦਾ ਹੈ ਜਿਵੇਂ ਰਾਤ ਨੂੰ ਕੋਈ ਖ਼ੂੰਖ਼ਾਰ ਦੇਉ, ਏਲੀਅਨ, ਡਾਇਨਾਸ਼ੋਰ ਤਹਿਸ-ਨਹਿਸ ਕਰ ਗਿਆ ਹੋਵੇ । ਕਈ ਦਿਨਾਂ ਮਹੀਨਿਆਂ ਤਕ ਹਵਾ ਵਿੱਚ ਜ਼ਹਿਰੀਲੀਆਂ ਗੈਸਾਂ ਜੰਮੀਆਂ ਰਹਿੰਦੀਆਂ ਹਨ । ਭਾਈ ਗੁਰਦਾਸ ਜੀ ਫ਼ਰਮਾਉਂਦੇ ਹਨ:

**ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ।**
**ਤਾਰੇ ਜਾਤਿ ਸਨਾਤਿ ਅੰਬਰਿ ਭਾਲੀਅਨਿ।**
**ਫੁਲਾਂ ਦੀ ਬਾਗਾਤਿ ਚੁਣਿ ਚੁਣਿ ਚਾਲੀਅਨਿ।**
**ਤੀਰਥਿ ਜਾਤੀ ਜਾਤਿ ਨੈਣ ਨਿਹਾਲੀਅਨਿ।**
**ਹਰਿ ਚੰਦਉਰੀ ਝਾਤਿ ਵਸਾਇ ਉਚਾਲੀਅਨਿ।**
**ਗੁਰਮੁਖਿ ਸੁਖ ਫਲ ਦਾਤਿ ਸਬਦਿ ਸਮ੍ਹਾਲੀਅਨਿ।**

(ਵਾਰ ੧੯ਵੀਂ, ਪਉੜੀ ੬ਵੀਂ)

ਗੁਰਮੁਖ ਇਸ ਨਾਸ਼ਵਾਨ ਸੰਸਾਰ ਨੂੰ ਪਛਾਣ ਲੈਂਦੇ ਹਨ । ਸ਼ਬਦ ਗਿਆਨ ਨਾਲ ਜੁੜ ਜਾਂਦੇ ਹਨ । ਆਉ ਆਪਾਂ ਵੀ ਗਿਆਨ ਦੇ ਦੀਵੇ ਬਾਲੀਏ । ਸ਼ਬਦ ਗੁਰੂ ਨਾਲ ਜੁੜੀਏ । ਸ਼ਰਾਬ ਦੀ ਥਾਂ ਕਿਤਾਬ ਦੇ ਲੜ ਲੱਗੀਏ । ਗਿਆਨ ਦੀ ਰੌਸ਼ਨੀ ਫੈਲਾਈਏ । ਕੱਟੜਪੰਥੀ ਜਨੂੰਨੀ ਹਨੇਰਾ ਭਜਾਈਏ । ਰੌਸ਼ਨੀ ਦੇ ਸਫ਼ਰ ਦੇ ਸਾਹਮਣੇ ਕੋਈ ਹੱਦਬੰਦੀ ਨਹੀਂ ਹੁੰਦੀ । ਆਉ ਦੀਵਿਆਂ ਦੀ ਆਸ ਵਿੱਚ ਬੈਠੇ ਖ਼ਾਲੀ ਬਨੇਰਿਆਂ ਉੱਤੇ ਮਿੱਟੀ ਦੇ ਦੀਵੇ ਜਗਾਈਏ । ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ:

**ਦੀਵਾ ਬਲੇ ਹਨੇਰਾ ਜਾਏ ।**

ਪਿੰਡਾਂ ਵਿੱਚ ਸੁੰਨੀਆਂ ਗਲੀਆਂ ਕਿਨਾਰੇ, ਨਿੱਕੇ-ਨਿੱਕੇ ਸੁੰਗੜੇ-ਸੁੰਗੜੇ ਘਰ ਹਨ । ਸੜਕਾਂ ਕਿਨਾਰੇ ਡੇਰੇ ਹਨ । ਅੰਧਰੁੱਖ ਹਨ, ਮਹਿੰਗੇ ਮੰਗਵੇਂ ਗਿਆਨ ਵਾਲੇ ਗਰੁੱਪ ਆਫ਼ ਕਾਲਜਿਜ ਹਨ । ਖੇਤਾਂ ਵਿੱਚ ਵਿਸ਼ਾਲ ਕੋਠੀਆਂ ਹਨ, ਪਰਵਾਸੀ ਦੂਰ ਪਰਵਾਸ ਵਿੱਚ ਹਨ, ਗੋਲੇ ਕਬੂਤਰਾਂ ਦਾ ਡੇਰਾ ਹੈ । ਸੀਮਿੰਟ ਦੇ ਦੀਵੇ ਹਨ । ਕਰੀਬ ੮੦ ਹਜ਼ਾਰ ਕਰੋੜ ਰੁਪਏ ਦਾ ਸਾਲਾਨਾ ਪਟਾਕਿਆਂ ਤੇ ਆਤਸ਼ਬਾਜ਼ੀ ਦਾ ਵਪਾਰ ਹੈ । ੮੦ ਲੱਖ ਬੱਚੇ ਇਹ ਪਟਾਕੇ ਫੁਲਝੜੀਆਂ ਬਣਾਉਂਦੇ ਹਨ ।



ਆਪ ਕਦੇ ਫੁੱਲ ਵਾਂਗ ਖਿੜਦੇ ਨਹੀਂ । ਛੋਟੀ ਉਮਰੇ ਹੀ ੫ ਲੱਖ ਬੱਚੇ ਪਰਲੋਕ ਵੱਲ ਕੂਚ ਕਰ ਜਾਂਦੇ ਹਨ । ਪੰਜ ਲੱਖ ਬੱਚੇ ਦੂਜਿਆਂ ਲਈ ਅਸਮਾਨੀ ਉੱਡਣ ਵਾਲੀਆਂ ਬਾਰੂਦੀ ਹਵਾਈਆਂ ਬਣਾਉਂਦੇ ਬਣਾਉਂਦੇ ਆਪ ਬਾਰੂਦ ਦੀ ਗੰਧ ਦੇ ਗੋਲੇ ਬਣ ਕੇ ਫਟ ਜਾਂਦੇ ਹਨ । ਝੁੱਗੀਆਂ ਵਿੱਚ ਜ਼ਹਿਰੀਲਾ ਧੂੰਆਂ ਫੈਲ ਜਾਂਦਾ ਹੈ ।

ਆਉ ਪੱਕੀ ਮਿੱਟੀ ਦੇ ਦੀਵੇ ਵੇਚਣ ਵਾਲੇ ਘੁਮਿਆਰਾਂ ਨੂੰ ਮੋੜ ਲਿਆਈਏ । ਸੁੰਨਾ ਨਾ ਰਹੇ ਕੋਈ ਬਨੇਰਾ । ਉੱਡ ਜਾਵੇ ਸਾਰਾ ਜਹਾਲਤ ਦਾ ਹਨੇਰਾ । ਆਉ ਜਾਗੋ ਗਾਗਰ ਉੱਤੇ ਲੱਗੇ ਆਟੇ ਦੇ ਦੀਵੇ ਮੁੜ ਜਗਾਈਏ । ਵੀਰਾਨ ਘਰਾਂ ਨੂੰ ਵੱਸਣਯੋਗ ਬਣਾਈਏ । ਮੰਗਣ ਵਾਲੇ ਕੱਚਕੋਲੇ ਕਾਸੇ ਵਾਲੇ ਬੁੱਝੇ ਦੀਵੇ ਦੀ ਥਾਂ ਗਿਆਨ ਤੇ ਤਰਕ ਦਾ ਦੀਵਾ ਜਗਾਈਏ ।

ਰਾਮ ਜੀ ੧੪ ਸਾਲ ਦੇ ਬਨਵਾਸ ਤੋਂ ਬਾਅਦ ਵਾਪਸ ਮੁੜ ਆਏ ਸਨ, ਸਾਡਾ ਬਨਵਾਸ ਕਦੋਂ ਖ਼ਤਮ ਹੋਵੇਗਾ?

ਆਉ! ਲੱਗੇ ਹੋਏ ਰੁੱਖਾਂ ਨੂੰ ਬਚਾਈਏ । ਹੋਰ ਨਵੇਂ ਪੌਦੇ ਲਾਈਏ! ਰੁੱਖਾਂ ਦੀ ਹੋਵੇ ਬਰਕਤ, ਚਾਰੇ ਪਾਸੇ ਹੋਵੇ ਘਣੀ ਛਾਂ । ਹਰ ਕੋਈ ਪਵਨ ਨੂੰ ਸਮਝੇ ਗੁਰੂ, ਪਾਣੀ ਨੂੰ ਸਮਝੇ ਪਿਤਾ ਸਮਾਨ, ਧਰਤੀ ਹੋਵੇ ਸਭ ਦੀ ਮਾਂ ।

**ਆਉ ਹਰੀ ਦੀਵਾਲੀ ਮਨਾਈਏ । ਸੁੱਖ ਪਾਈਏ ।**
**ਆਉ ਉਪਜਾਊ ਮਿੱਟੀ ਵਿੱਚ ਬੀਜੀਏ ਹਰਿਆਵਲ ਦੇ ਬੀਜ ।**
**ਦੂਰ ਤਕ ਫੈਲੇ ਮਹਿਕਾਰ । ਮਿੱਟੀ ਦਾ ਦੀਵਾ ਕਹੇ ਪੁਕਾਰ ।**

**ਮੋਬਾਈਲ : 94638-08697**

(ਰੋ: ਸਪੋਕਸਮੈਨ **30-10-2016** 'ਚੋਂ ਧੰਨਵਾਦ ਸਹਿਤ!)

## ਦੀਵਾਲੀ

ਦੀਵੇ ਲੈ ਘੁਮਿਆਰਾਂ ਤੋਂ, ਪਾ ਤੇਲ ਜਲਾਉਂਦੇ ਸੀ।
ਤੇਲ ਵੜੇਵਿਆਂ ਵਿੱਚ ਪਾ, ਵੱਡੀ ਮਸ਼ਾਲ ਜਗਾਉਂਦੇ ਸੀ।
ਰੱਖ ਘਰੂੰਡੀ ਘਰ ਦੇ ਅੰਦਰ, ਦੀਵੇ ਬਲਦੇ ਸੀ।
ਤੇਲ ਭਿਉਂ ਕੇ ਰੱਖੇ ਬਟੇਰੀ, ਸਿੱਟੇ ਜਲਦੇ ਸੀ।
ਖਾਣ ਲਈ ਫਲ, ਖੰਡ ਖੇਡਣੇ, ਨਾਲ ਅਖਰੋਟਾਂ ਦੇ।
ਬਾਪੂ ਲਿਆਉਂਦਾ ਕੁਝ ਪਟਾਕੇ, ਗਿਣਵਿਆਂ ਨੋਟਾਂ ਦੇ।
ਫੁੱਲਝੜੀਆਂ ਤੇ ਚਕਰੀਆਂ, ਡੱਬੀ ਮਤਾਬੀ ਬੱਚਿਆਂ ਲਈ।
ਅਨਾਰ, ਸ਼ੁਰਲੀਆਂ, ਬੰਬ ਸੁਤਲੀ, ਦਿਲ ਦੇ ਪੱਕਿਆਂ ਲਈ।
ਥੋੜ੍ਹੀ ਦੇਰ ਦੀ ਲਾ ਲਾ ਲਾ ਲਾ, ਨੱਚਦੇ ਟੱਪਦੇ ਸੀ।
ਅੱਜਕੱਲ੍ਹ ਵਾਂਗ ਨਹੀਂ ਉਦੋਂ, ਅੱਧੀ ਰਾਤ ਵੀ ਖੱਪਦੇ ਸੀ।
ਦੀਵਿਆਂ ਦੀ ਥਾਂ ਲੈ ਲਈ, ਅੱਜਕੱਲ੍ਹ ਚਾਇਨੀ ਲੜੀਆਂ ਨੇ।
ਚੀਜ਼ਾਂ ਵਿੱਚ ਬਜ਼ਾਰ ਹੋ ਗਈਆਂ, ਮਹਿੰਗੀਆਂ ਬੜੀਆਂ ਨੇ।
ਬਾਲ ਕੇ ਮਹਿੰਗੀ ਆਤਿਸ਼ਬਾਜ਼ੀ, ਵੱਧ ਪ੍ਰਦੂਸ਼ਣ ਕਰਦੇ।
ਪੀ ਪੀ ਦਾਰੂ ਜੂਆ ਖੇਡਣ, ਭਾਂਡੇ ਵੇਚਣ ਘਰ ਦੇ।
ਵੱਡੇ ਧਮਾਕੇ ਵੱਧ ਪ੍ਰਦੂਸ਼ਣ ਤੋਂ, ਬਜ਼ੁਰਗ ਤੇ ਰੋਗੀ ਔਖੇ।
ਜੀਵ-ਜੰਤੂ ਵੀ ਰਾਤ ਦੀਵਾਲੀ, ਰਹਿ ਸਕਣ ਨਾ ਸੌਖੇ।
'ਜੱਸਿਆ' ਅੱਜ ਕੋਈ ਫ਼ਿਕਰ ਕਿਉਂ ਨਹੀਂ, ਬੱਚਿਆਂ ਦੀ ਰੱਖਵਾਲੀ ਦਾ।
ਏਸੇ ਲਈ ਅੱਜ ਦਾਦੀ ਡਰਦੀ, ਸੁਣਕੇ ਨਾਮ ਦੀਵਾਲੀ ਦਾ।

ਜੈ ਸਿੰਘ 'ਜੱਸਾ'
ਪ੍ਰਸ਼ਾਸਕ
ਮਾਨਾਂਵਾਲਾ ਕੰਪਲੈਕਸ, ਪਿੰਗਲਵਾੜਾ, ਅੰਮ੍ਰਿਤਸਰ।
**M: 09781401142**



## ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ

ਪਿੰਗਲਵਾੜਾ ਸੰਸਥਾ ਸਮਾਜ ਵੱਲੋਂ ਦੁਰਕਾਰੇ/ਤ੍ਰਿਸਕਾਰੇ, ਅਪੰਗ, ਲੂਲ੍ਹੇ-ਲੰਗੜੇ, ਅਪਾਹਿਜਾਂ, ਅਨਾਥਾਂ ਅਤੇ ਲਾਵਾਰਸਾਂ ਦਾ ਘਰ ਹੈ । ਇਸ ਸੰਸਥਾ ਦੀ ਨੀਂਹ ਮਹਾਨ ਕਰਮਯੋਗੀ ਭਗਤ ਪੂਰਨ ਸਿੰਘ ਜੀ ਨੇ ਸੰਨ 1947 ਵਿੱਚ ਰੱਖੀ । ਉਸ ਵੇਲੇ ਭਗਤ ਜੀ ਕੋਲ ਮਰੀਜ਼ਾਂ ਦੀ ਸੇਵਾ ਵਾਸਤੇ ਨਾ ਤਾਂ ਕੋਈ ਸੇਵਾਦਾਰ ਸੀ, ਨਾ ਕੋਈ ਰਹਿਣ ਲਈ ਉਚਿਤ ਇਮਾਰਤ ਅਤੇ ਨਾ ਹੀ ਮਰੀਜ਼ਾਂ ਦੇ ਖਾਣ ਪੀਣ ਜਾਂ ਦਵਾਈਆਂ ਲਈ ਕਿਸੇ ਤਰ੍ਹਾਂ ਦਾ ਮਾਲੀ ਪ੍ਰਬੰਧ ਜਾਂ ਪੈਸੇ ਦਾ ਬੰਦੋਬਸਤ ਸੀ । ਭਗਤ ਪੂਰਨ ਸਿੰਘ ਇਕੱਲੇ ਹੀ ਇਸ ਸੇਵਾ ਦੇ ਪੰਧ 'ਤੇ ਨਿਕਲੇ—ਲੋਕ ਨਾਲ ਜੁੜਦੇ ਗਏ ਕਾਰਵਾਂ ਬਣਦਾ ਗਿਆ । ਉਨ੍ਹਾਂ ਦੀ ਉਤਰਾਧਿਕਾਰੀ ਡਾ: ਇੰਦਰਜੀਤ ਕੌਰ ਦੀ ਅਣਥੱਕ ਮਿਹਨਤ, ਲਗਨ ਅਤੇ ਦਿਸ਼ਾ ਨਿਰਦੇਸ਼ ਵਿੱਚ ਪਿੰਗਲਵਾੜਾ ਸੰਸਥਾ ਨਾ-ਕੇਵਲ ਭਾਰਤ ਵਿੱਚ ਬਲਕਿ ਵਿਦੇਸ਼ਾਂ ਵਿੱਚ ਵੀ ਇਕ ਗੌਰਵਪੂਰਣ ਸੰਸਥਾ ਦੇ ਤੌਰ 'ਤੇ ਉੱਭਰ ਕੇ ਸਾਹਮਣੇ ਆਈ ਹੈ ।

**ਪਿੰਗਲਵਾੜਾ ਇਕ ਨਜ਼ਰ ...**

**ਨਿਵਾਸ ਅਤੇ ਸੰਭਾਲ** :-1809 ਤੋਂ ਵੱਧ ਨਿਵਾਸੀਆਂ ਲਈ ਰਹਿਣ ਦਾ ਪ੍ਰਬੰਧ ਅਤੇ ਬਜ਼ੁਰਗਾਂ ਵਾਸਤੇ ਆਪਣਾ ਘਰ ।

**ਇਲਾਜ ਅਤੇ ਸਹੂਲਤਾਂ** :- *ਦਵਾਈਆਂ, *ਮੈਡੀਕਲ ਲੈਬਾਰਟਰੀ, *ਓਪਰੇਸ਼ਨ ਥਿਏਟਰ, *ਮੁੜ ਵਸੇਬਾ ਕੇਂਦਰ, *ਐਂਬੂਲੈਂਸ, *ਮਸਨੂਈ ਅੰਗ ਕੇਂਦਰ, *ਫਿਜ਼ਿਓਥਰੈਪੀ ਸੈਂਟਰ, *ਡੈਂਟਲ ਕਲੀਨਿਕ, *ਅਲਟਰਾ ਸਾਊਂਡ ਸੈਂਟਰ, *ਅੱਖਾਂ ਦਾ ਕਲੀਨਿਕ, *ਮੰਦ-ਬੁੱਧੀ ਬੱਚਿਆਂ ਲਈ ਸੰਵੇਦੀ ਕੇਂਦਰ, *ਭਗਤ ਪੂਰਨ ਸਿੰਘ ਮੁੱਢਲਾ ਕੰਨ ਸੁਣਵਾਈ ਜਾਂਚ ਅਤੇ

ਪੁਰਨਵਾਸ ਕੇਂਦਰ, *ਕੰਨਾਂ ਦੇ Cochlear Implant ਵਾਸਤੇ ਸਪੈਸ਼ਲ ਓਪਰੇਸ਼ਨ ਥਿਏਟਰ *ਆਪਣਾ ਘਰ, * ਖੇਡਾਂ ਦੇ ਕਮਰੇ ।

**ਜਾਗਰੂਕਤਾ** :- * ਪ੍ਰਿੰਟਿੰਗ ਪ੍ਰੈਸ, * ਲਾਇਬ੍ਰੇਰੀ, * ਕਿਤਾਬਚੇ ਅਤੇ ਇਸ਼ਤਿਹਾਰ, * ਸੈਮੀਨਾਰ ਅਤੇ ਵਰਕਸ਼ਾਪ ।

**ਵਾਤਾਵਰਨ** :-*ਨਰਸਰੀ,*ਪਾਣੀ ਸਾਫ਼ ਕਰਨ ਵਾਲਾ ਪਲਾਂਟ, ਮੀਂਹ ਦੇ ਪਾਣੀ ਦੀ ਸੰਭਾਲ *ਦਰੱਖਤ ਲਗਾਉਣਾ, *ਕੁਦਰਤੀ ਖੇਤੀ, *ਜਾਗਰੂਕਤਾ ਮੁਹਿੰਮਾਂ ।

**ਮੁਫ਼ਤ ਵਿਦਿਅਕ ਸਹੂਲਤਾਂ:**

* ਭਗਤ ਪੂਰਨ ਸਿੰਘ ਆਦਰਸ਼ ਸੀਨੀ. ਸੈਕੰ: ਸਕੂਲ ਮਾਨਾਂਵਾਲਾ, ਅੰਮ੍ਰਿਤਸਰ ।
* ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ ਮਾਨਾਂਵਾਲਾ, ਅੰਮ੍ਰਿਤਸਰ ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਮਾਨਾਂਵਾਲਾ, ਅੰਮ੍ਰਿਤਸਰ ।
* ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ ਮਾਨਾਂਵਾਲਾ, ਅੰਮ੍ਰਿਤਸਰ ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਅਟਾਰੀ, ਅੰਮ੍ਰਿਤਸਰ ।
* ਭਗਤ ਪੂਰਨ ਸਿੰਘ ਆਦਰਸ਼ ਹਾਈ ਸਕੂਲ, ਬੁੱਟਰ ਕਲਾਂ ਕਾਦੀਆਂ, ਗੁਰਦਾਸਪੁਰ ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਬੁੱਟਰਕਲਾਂ, ਕਾਦੀਆਂ, ਗੁਰਦਾਸਪੁਰ ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਕਟੌਰਾ ਫਿਰੋਜ਼ਪੁਰ ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਸਰਹਾਲੀ, ਤਰਨ ਤਾਰਨ ।
* ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, (ਪਲਸੋਰਾ) ਚੰਡੀਗੜ੍ਹ ।

**ਨਿਵਾਸ ਅਤੇ ਸੰਭਾਲ :**

**ਪਿੰਗਲਵਾੜਾ ਸੰਸਥਾ ਦੀਆਂ 7 ਅਲੱਗ ਅਲੱਗ ਬ੍ਰਾਂਚਾਂ ਵਿੱਚ *1809 ਤੋਂ ਵੱਧ ਵੱਖ-ਵੱਖ ਬਿਮਾਰੀਆਂ ਨਾਲ ਗ੍ਰਸਤ ਮਰੀਜ਼ਾਂ ਦੇ ਰਹਿਣ ਲਈ ਸੁਚੱਜਾ ਪ੍ਰਬੰਧ ਹੈ। ਸਮੂਹ ਬ੍ਰਾਂਚਾਂ ਵਿੱਚ ਮੌਜੂਦਾ ਰੋਗੀਆਂ ਦੀ ਗਿਣਤੀ :-**



| | | | |
|---|---|---|---|
| ਮਾਨਸਿਕ ਰੋਗੀ | -390 | ਏਡਜ਼ ਵਾਲੇ | -19 |
| ਅਧਰੰਗ/ ਪੋਲੀਏ ਵਾਲੇ | -160 | ਮਿਰਗੀ ਵਾਲੇ | -204 |
| ਮੰਦ-ਬੁੱਧੀ ਵਾਲੇ | -430 | ਕੈਂਸਰ ਵਾਲੇ | -02 |
| ਗੂੰਗੇ ਬੋਲੇ | -175 | ਸ਼ੂਗਰ ਵਾਲੇ | -84 |
| ਬਜ਼ੁਰਗ | -143 | ਸਕੂਲ ਜਾਣ ਵਾਲੇ ਬੱਚੇ | -98 |
| ਜ਼ਖ਼ਮਾਂ ਵਾਲੇ | -27 | ਛੱਡੇ ਗਏ ਬੱਚੇ | -06 |
| ਟੀ.ਬੀ. ਵਾਲੇ | -05 | ਠੀਕ ਹੋ ਚੁੱਕੇ ਰੋਗੀ | -27 |
| ਨੇਤਰਹੀਣ | -39 | | |

| **31 ਦਸੰਬਰ 2017 ਤਕ ਕੁੱਲ ਰੋਗੀਆਂ ਦੀ ਗਿਣਤੀ** | ***1809** |
|---|---|
| **ਬ੍ਰਾਂਚਾਂ ਦਾ ਵੇਰਵਾ :** | **ਰੋਗੀ** |
| 1. ਮੁੱਖ ਬ੍ਰਾਂਚ ਅੰਮ੍ਰਿਤਸਰ (ਬੱਚਾ ਵਾਰਡ, ਮਾਤਾ ਮਹਿਤਾਬ ਕੌਰ ਵਾਰਡ, ਭਾਈ ਪਿਆਰਾ ਸਿੰਘ ਵਾਰਡ ) | 359 |
| 2. ਮਾਨਾਂਵਾਲਾ ਕੰਪਲੈਕਸ | 876 |
| 3. ਪੰਡੋਰੀ ਵੜੈਚ ਬ੍ਰਾਂਚ | 99 |
| 4. ਗੋਇੰਦਵਾਲ ਬ੍ਰਾਂਚ | 93 |
| 5. ਜਲੰਧਰ ਬ੍ਰਾਂਚ | 39 |
| 6. ਸੰਗਰੂਰ ਬ੍ਰਾਂਚ | 228 |
| 7. ਚੰਡੀਗੜ੍ਹ (ਪਲਸੋਰਾ) ਬ੍ਰਾਂਚ | 115 |
| **ਕੁੱਲ ਮਰੀਜ਼** | **1809** |

*** ਮਰੀਜ਼ਾਂ ਦੀ ਗਿਣਤੀ ਵਿੱਚ ਹਰ ਸਾਲ ਨਿਰੰਤਰ ਵਾਧਾ ਹੁੰਦਾ ਰਹਿੰਦਾ ਹੈ ਅਤੇ ਇਲਾਜ ਉਪਰੰਤ ਠੀਕ ਹੋਏ ਮਰੀਜ਼ ਕਾਫ਼ੀ ਗਿਣਤੀ ਵਿੱਚ ਘਰਾਂ ਨੂੰ ਭੇਜ ਦਿੱਤੇ ਜਾਂਦੇ ਹਨ ।**

## ਇਲਾਜ ਅਤੇ ਸਹੂਲਤਾਂ :

**(ੳ) ਡਿਸਪੈਂਸਰੀ ਅਤੇ ਲੈਬਾਰਟਰੀ** : ਮਰੀਜ਼ਾਂ ਦੇ ਇਲਾਜ ਲਈ ਪਿੰਗਲਵਾੜਾ ਸੰਸਥਾ ਵਿੱਚ ਡਿਸਪੈਂਸਰੀ ਅਤੇ ਲੈਬਾਰਟਰੀ ਦੀ ਸੁਵਿਧਾ ਮੁਹੱਈਆ ਕੀਤੀ ਗਈ ਹੈ, ਜਿਸ ਦਾ **ਸਾਲਾਨਾ ਖ਼ਰਚ 1 ਕਰੋੜ 30 ਲੱਖ ਰੁਪਏ** ਹੈ ।

**(ਅ) ਸਹਾਇਕ ਸਟਾਫ਼** : ਮਾਨਸਿਕ ਰੋਗੀਆਂ ਅਤੇ ਮਰੀਜ਼ਾਂ ਦੀ ਦੇਖਭਾਲ ਲਈ ਟੈਕਨੀਕਲ ਸਟਾਫ਼ ਜਿਵੇਂ ਨਰਸਾਂ, ਫਾਰਮਾਸਿਸਟ, ਲੈਬਾਰਟਰੀ ਟੈਕਨੀਸ਼ਨ ਦੀ ਵਿਵਸਥਾ ਕੀਤੀ ਗਈ ਹੈ ।

**(ੲ) ਖ਼ੂਨ-ਦਾਨ ਕੈਂਪ** : ਦੁਰਘਟਨਾ-ਗ੍ਰਸਤ ਜ਼ਖ਼ਮੀਆਂ ਦੀ ਸਹਾਇਤਾ ਲਈ ਤੇ ਸੰਸਥਾ ਦੇ ਮਰੀਜ਼ਾਂ ਲਈ ਖ਼ੂਨ ਦੀ ਘਾਟ ਨੂੰ ਪੂਰਾ ਕਰਨ ਲਈ ਹਰ ਸਾਲ ਭਗਤ ਜੀ ਦੀ ਬਰਸੀ 'ਤੇ ਖ਼ੂਨ-ਦਾਨ ਕੈਂਪ ਲਗਾਇਆ ਜਾਂਦਾ ਹੈ । ਸੰਨ 2017 ਵਿੱਚ ਭਗਤ ਜੀ ਦੀ ਬਰਸੀ 'ਤੇ ਲਗਾਏ ਗਏ ਖ਼ੂਨ-ਦਾਨ ਕੈਂਪ ਵਿੱਚ 275 ਯੂਨਿਟ ਖ਼ੂਨ ਇਕੱਠਾ ਹੋਇਆ ।

**(ਸ) ਐਂਬੂਲੈਂਸ**:- ਮੁੱਢਲੀਆਂ ਡਾਕਟਰੀ ਸੁਵਿਧਾਵਾਂ ਨਾਲ ਲੈਸ, ਐਂਬੂਲੈਂਸ ਸੜਕ ਹਾਦਸਿਆਂ ਦੇ ਜ਼ਖ਼ਮੀਆਂ ਦੀ ਮਦਦ ਲਈ ਤੱਤਪਰ ਰਹਿੰਦੀ ਹੈ। ਸੰਸਥਾ ਦੀਆਂ ਐਂਬੂਲੈਂਸਾਂ ਮਰੀਜ਼ਾਂ ਨੂੰ ਹਸਪਤਾਲ ਲੈ ਜਾਣ ਦੀ ਸੁਵਿਧਾ ਦਿੰਦੀਆਂ ਹਨ ।

**(ਹ) ਬਣਾਵਟੀ ਅੰਗ ਕੇਂਦਰ** : ਲੋੜਵੰਦ ਅੰਗਹੀਣਾਂ ਲਈ ਮਾਨਾਂਵਾਲਾ ਕੰਪਲੈਕਸ ਵਿਖੇ ਭਗਤ ਜੀ ਦੀ ਯਾਦ ਨੂੰ ਸਮਰਪਿਤ ਇਕ ਬਣਾਵਟੀ ਅੰਗ ਕੇਂਦਰ ਸਥਾਪਿਤ ਕੀਤਾ ਗਿਆ ਹੈ ਜਿੱਥੇ ਅੰਗਹੀਣਾਂ ਨੂੰ ਬਣਾਵਟੀ ਅੰਗ ਮੁਫ਼ਤ ਲਗਾਏ ਜਾਂਦੇ ਹਨ । ਨਵੰਬਰ 2003 ਤੋਂ ਹੁਣ ਤਕ 8757 ਲੋੜਵੰਦ ਲਾਭ ਉਠਾ ਚੁੱਕੇ ਹਨ ।

**(ਕ) ਓਪ੍ਰੇਸ਼ਨ ਥਿਏਟਰ**: ਹਰ ਤਰ੍ਹਾਂ ਦੇ ਓਪ੍ਰੇਸ਼ਨ ਕਰਨ ਲਈ ਮਾਨਾਂਵਾਲਾ ਕੰਪਲੈਕਸ ਵਿਖੇ ਅਤਿ ਆਧੁਨਿਕ ਓਪ੍ਰੇਸ਼ਨ ਥਿਏਟਰ ਦੀ ਸੁਵਿਧਾ ਹੈ ।



**(ਖ) ਫਿਜ਼ਿਓਥਰੈਪੀ**: ਸੰਨ 2005 ਤੋਂ ਮਾਨਾਂਵਾਲਾ ਕੰਪਲੈਕਸ ਵਿੱਚ ਫਿਜ਼ਿਓਥਰੈਪੀ ਸੈਂਟਰ ਸਥਾਪਿਤ ਕੀਤਾ ਗਿਆ ਹੈ ਜਿਸ ਵਿੱਚ ਆਧੁਨਿਕ ਉਪਕਰਣਾਂ ਰਾਹੀਂ ਪਿੰਗਲਵਾੜੇ ਦੇ ਮਰੀਜ਼ ਅਤੇ ਗ਼ਰੀਬ ਲੋੜਵੰਦ ਮੁਫ਼ਤ ਫ਼ਾਇਦਾ ਲੈ ਰਹੇ ਹਨ। ਹਰ ਰੋਜ਼ ਤਕਰੀਬਨ 80 ਮਰੀਜ਼ਾਂ ਦਾ ਇਲਾਜ ਕੀਤਾ ਜਾਂਦਾ ਹੈ ।

**(ਗ) ਅਲਟਰਾਸਾਊਂਡ ਸੈਂਟਰ** :- ਇਸ ਵਿੱਚ ਪਿੰਗਲਵਾੜੇ ਦੇ ਮਰੀਜ਼ਾਂ ਅਤੇ ਸੇਵਾਦਾਰਾਂ ਵਾਸਤੇ ਸੁਵਿਧਾ ਪ੍ਰਾਪਤ ਹੈ ।

**(ਘ) ਮੁੱਢਲਾ ਕੰਨ ਸੁਣਵਾਈ ਜਾਂਚ ਅਤੇ ਪੁਨਰਵਾਸ ਕੇਂਦਰ**:- ਬੱਚਿਆਂ ਦੇ ਕੰਨਾਂ ਦੀ ਮੁੱਢਲੀ ਜਾਂਚ ਅਤੇ ਪੁਨਰਵਾਸ ਵਾਸਤੇ ਇਹ ਕੇਂਦਰ ਸਥਾਪਿਤ ਕੀਤਾ ਗਿਆ ਹੈ ਜਿਸ ਵਿੱਚ Bera Test ( ਬੱਚਿਆਂ ਦੇ ਸੁਣਨ ਦਾ ਟੈਸਟ) ਮੁਫ਼ਤ ਕੀਤਾ ਜਾਂਦਾ ਹੈ ।

## ਵਾਤਾਵਰਨ :

**(ੳ) ਰੁੱਖ ਲਾਉਣੇ**: ਭਗਤ ਪੂਰਨ ਸਿੰਘ ਜੀ ਵਾਤਾਵਰਨ ਦੀ ਸੰਭਾਲ ਸੰਬੰਧੀ ਬੜੇ ਚਿੰਤਤ ਰਹਿੰਦੇ ਸਨ । ਇਸ ਕਰਕੇ ਧਰਤੀ ਨੂੰ **'ਮਾਰੂਥਲ ਬਣਨ'** ਤੇ **'ਭੂ-ਖੋਰ'** ਤੋਂ ਬਚਾਉਣ ਲਈ ਪਿੰਗਲਵਾੜਾ ਸੰਸਥਾ ਵੱਲੋਂ ਵਾਤਾਵਰਨ ਦੇ ਸੁਧਾਰ ਵੱਲ ਵੀ ਖ਼ਾਸ ਧਿਆਨ ਦਿੱਤਾ ਜਾ ਰਿਹਾ ਹੈ। ਹਰ ਸਾਲ ਸੰਸਥਾ ਦੇ ਸੇਵਾਦਾਰਾਂ ਦੁਆਰਾ ਭਗਤ ਜੀ ਦੀ ਬਰਸੀ ਦੇ ਮੌਕੇ ਰੁੱਖ ਲਗਾਉਣ ਦੀ ਮੁਹਿੰਮ ਚਲਾਈ ਜਾਂਦੀ ਹੈ । ਇਹ ਰੁੱਖ ਸਕੂਲਾਂ, ਕਾਲਜਾਂ, ਸ਼ਮਸ਼ਾਨ-ਘਾਟਾਂ ਅਤੇ ਹੋਰ ਜਨਤਕ ਥਾਵਾਂ 'ਤੇ ਲਗਾਏ ਜਾਂਦੇ ਹਨ। ਇਸ ਤੋਂ ਇਲਾਵਾ ਪਿੰਗਲਵਾੜਾ ਸੰਸਥਾ ਵੱਲੋਂ ਹਰ ਸਾਲ ਆਪਣੀ ਨਰਸਰੀ ਵਿੱਚ ਵੱਖ-ਵੱਖ ਕਿਸਮਾਂ ਦੇ ਲਗਪਗ 60 ਹਜ਼ਾਰ ਬੂਟੇ ਤਿਆਰ ਕਰਕੇ ਵੱਖ ਵੱਖ ਸੰਸਥਾਵਾਂ ਨੂੰ ਮੁਫ਼ਤ ਭੇਜੇ ਜਾਂਦੇ ਹਨ ।

### ਮੁਫ਼ਤ ਵਿੱਦਿਅਕ ਸਹੂਲਤਾਂ :

**(ੳ) ਭਗਤ ਪੂਰਨ ਸਿੰਘ ਆਦਰਸ਼ ਸੀਨੀ: ਸੈਕੰ: ਸਕੂਲ ਮਾਨਾਂਵਾਲਾ**: ਇਸ ਸਕੂਲ ਵਿੱਚ ਗ਼ਰੀਬ ਅਤੇ ਝੁੱਗੀ ਝੌਂਪੜੀ ਵਾਲੇ 771 ਵਿਦਿਆਰਥੀਆਂ ਨੂੰ

ਮੁਫ਼ਤ ਵਿੱਦਿਆ ਦਿੱਤੀ ਜਾ ਰਹੀ ਹੈ । ਸੰਸਥਾ ਦਾ ਇਹ ਖ਼ਾਸ ਉਪਰਾਲਾ ਹੈ ਕਿ ਇਹ ਬੱਚੇ ਆਪਣੇ ਆਪ ਨੂੰ ਹੀਣੇ ਨਾ ਸਮਝਣ ਤੇ ਆਪਣੇ ਪੈਰਾਂ 'ਤੇ ਖੜ੍ਹੇ ਹੋ ਕੇ ਸਮਾਜ ਵਿੱਚ ਵਿਚਰ ਸਕਣ। ਇਹਨਾਂ ਨੂੰ ਕਿਤਾਬਾਂ ਤੇ ਵਰਦੀਆਂ ਮੁਫ਼ਤ ਦਿੱਤੀਆਂ ਜਾਂਦੀਆਂ ਹਨ। ਇਨ੍ਹਾਂ ਵਿੱਚੋਂ 96 ਬੱਚੇ ਪਿੰਗਲਵਾੜਾ ਸੰਸਥਾ ਵਿੱਚ ਪਲੇ ਹਨ ।

**(ਅ) ਭਗਤ ਪੂਰਨ ਸਿੰਘ ਆਦਰਸ਼ ਹਾਈ ਸਕੂਲ ਬੁੱਟਰ ਕਲਾਂ (ਕਾਦੀਆਂ):**

ਇਹ ਸਕੂਲ ਵੀ ਭਗਤ ਜੀ ਦੀ ਯਾਦ ਨੂੰ ਸਮਰਪਿਤ ਹੈ । ਇੱਥੇ ਯੋਗ ਅਤੇ ਸਿੱਖਿਅਤ ਅਧਿਆਪਕਾਂ ਦੀ ਅਗਵਾਈ ਵਿੱਚ ਲਗਪਗ 461 ਬੱਚੇ ਵਿੱਦਿਆ ਹਾਸਲ ਕਰ ਰਹੇ ਹਨ ।

**(ੲ) ਵਿਸ਼ੇਸ਼ ਸਿੱਖਿਆ** :- ਪਿੰਗਲਵਾੜੇ ਦੇ 169 ਮੰਦ-ਬੁੱਧੀ ਬੱਚਿਆਂ ਲਈ ਮਾਨਾਂਵਾਲਾ ਬ੍ਰਾਂਚ ਵਿਖੇ '**ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ**' ਦਾ ਪ੍ਰਬੰਧ ਉਹਨਾਂ ਦੀ ਬੁੱਧੀ ਵਿਕਸਤ ਕਰਨ ਲਈ ਕੀਤਾ ਗਿਆ ਹੈ।

**(ਸ) ਗੂੰਗੇ-ਬੋਲੇ ਬੱਚਿਆਂ ਦੀ ਸਿੱਖਿਆ** : ਭਗਤ ਪੂਰਨ ਸਿੰਘ ਗੂੰਗੇ-ਬੋਲੇ ਬੱਚਿਆਂ ਦਾ ਸਕੂਲ ਮਾਨਾਂਵਾਲਾ ਵਿਖੇ ਮਈ 2005 ਤੋਂ ਚੱਲ ਰਿਹਾ ਹੈ। ਇਸ ਵਿੱਚ 180 ਬੱਚੇ ਨਵੀਨ ਉਪਕਰਣਾਂ ਰਾਹੀਂ ਸਿੱਖਿਆ ਪ੍ਰਾਪਤ ਕਰ ਰਹੇ ਹਨ।

**(ਹ) ਕਿੱਤਾਕਾਰੀ ਸਿੱਖਿਆ** :- ਬੱਚਿਆਂ ਦੇ ਆਉਣ ਵਾਲੇ ਭਵਿੱਖ ਨੂੰ ਸਾਹਮਣੇ ਰੱਖਦੇ ਹੋਏ ਪਿੰਗਲਵਾੜਾ ਸੰਸਥਾ ਵੱਲੋਂ ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਨੂੰ ਕਿੱਤਾਕਾਰੀ ਸਿੱਖਿਆ,(ਜਿਵੇਂ ਸਿਲਾਈ, ਕਢਾਈ, ਮੋਮਬੱਤੀਆਂ ਬਣਾਉਣ ਅਤੇ ਹੋਰ ਸਿੱਖਲਾਈ ਦੇ ਕੰਮ) ਟਰੇਂਡ ਕਿੱਤਾਕਾਰੀ ਅਧਿਆਪਕਾਂ ਵੱਲੋਂ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਬੱਚਿਆਂ ਨੂੰ ਸੰਗੀਤ ਦੀ ਵਿੱਦਿਆ ਲਈ ਯੋਗ ਅਧਿਆਪਕਾਂ ਦੀ ਅਗਵਾਈ ਪ੍ਰਾਪਤ ਹੈ ।

**(ਕ) ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ** : ਮਾਨਾਂਵਾਲਾ



ਕੰਪਲੈਕਸ ਵਿਖੇ ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਨੂੰ ਸਿਲਾਈ ਕਢਾਈ ਦਾ 6 ਮਹੀਨੇ ਦਾ ਕੋਰਸ ਕਰਵਾਇਆ ਜਾਂਦਾ ਹੈ । ਇਹ ਸੁਵਿਧਾ ਸਿਰਫ਼ ਪਿੰਗਲਵਾੜੇ ਦੇ ਬੱਚਿਆਂ ਲਈ ਹੀ ਨਹੀਂ ਬਲਕਿ ਮਾਨਾਂਵਾਲਾ ਦੇ ਆਸ-ਪਾਸ ਲੱਗਦੇ ਇਲਾਕਿਆਂ ਦੇ ਗ਼ਰੀਬ ਵਰਗ ਦੇ ਬੱਚੇ/ ਬੱਚੀਆਂ ਲਈ ਵੀ ਉਪਲਬਧ ਹੈ।

**(ਖ) ਕੰਪਿਊਟਰ ਸਿੱਖਿਆ**: ਸੂਚਨਾ ਅਤੇ ਟੈਕਨਾਲੋਜੀ ਦੇ ਪਸਾਰੇ ਨੂੰ ਮੁੱਖ ਰੱਖਦਿਆਂ ਪਿੰਗਲਵਾੜੇ ਦੇ ਬੱਚਿਆਂ ਨੂੰ ਆਧੁਨਿਕ ਸਮਾਜ ਦੇ ਹਾਣੀ ਬਣਾਉਣ ਲਈ ਕੰਪਿਊਟਰ ਸਿੱਖਿਆ ਦਾ ਪ੍ਰਬੰਧ ਕੀਤਾ ਗਿਆ ਹੈ ।

**ਹੋਸਟਲ ਦਾ ਪ੍ਰਬੰਧ** : ਪਿੰਗਲਵਾੜਾ ਸੰਸਥਾ ਦੀ ਮਾਨਾਂਵਾਲਾ ਬ੍ਰਾਂਚ ਵਿੱਚ ਪੜ੍ਹਨ ਵਾਲੇ ਲਗਪਗ 198 ਲੜਕੇ-ਲੜਕੀਆਂ ਵਾਸਤੇ ਅਲੱਗ-ਅਲੱਗ ਹੋਸਟਲ ਦਾ ਪ੍ਰਬੰਧ ਕੀਤਾ ਗਿਆ ਹੈ । ਪਿੰਗਲਵਾੜਾ ਦੀ ਸੰਗਰੂਰ ਬ੍ਰਾਂਚ ਦੇ ਹੋਸਟਲ ਵਿੱਚ ਰਹਿ ਰਹੀਆਂ 13 ਲੜਕੀਆਂ ਵੀ ਵੱਖ-ਵੱਖ ਵਿੱਦਿਅਕ ਸੰਸਥਾਵਾਂ ਵਿੱਚ ਵਿੱਦਿਆ ਪ੍ਰਾਪਤ ਕਰ ਰਹੀਆਂ ਹਨ ।

**ਵਿਆਹ**: ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਪਿੰਗਲਵਾੜਾ ਵਿੱਚ ਪਲੀਆਂ ਨੌਜਵਾਨ ਲੜਕੀਆਂ ਲਈ ਢੁੱਕਵੇਂ ਯੋਗ ਵਰ ਲੱਭ ਕੇ ਉਹਨਾਂ ਨੂੰ ਗ੍ਰਿਸਥੀ ਜੀਵਨ ਵਿੱਚ ਪਾ ਦਿੱਤਾ ਜਾਂਦਾ ਹੈ । ਹੁਣ ਤਕ 41 ਲੜਕੀਆਂ ਤੇ 4 ਲੜਕਿਆਂ ਦੇ ਵਿਆਹ ਸੰਸਥਾ ਵੱਲੋਂ ਕੀਤੇ ਜਾ ਚੁੱਕੇ ਹਨ।

**ਸਮਾਜ-ਕਲਿਆਣ ਸੰਬੰਧੀ ਕੰਮ** : ਪਿੰਗਲਵਾੜੇ ਵੱਲੋਂ ਸਮਾਜ ਭਲਾਈ ਅਤੇ ਸੁਧਾਰ ਦੇ ਕੰਮਾਂ ਵੱਲ ਵੀ ਖ਼ਾਸ ਧਿਆਨ ਦਿੱਤਾ ਜਾ ਰਿਹਾ ਹੈ ।

**(ੳ) ਜਾਗ੍ਰਿਤੀ**: ਸਮਾਜਿਕ ਬੁਰਾਈਆਂ ਪ੍ਰਤੀ ਲੋਕਾਂ ਦੇ ਮਨਾਂ ਵਿੱਚ ਜਾਗ੍ਰਿਤੀ ਪੈਦਾ ਕਰਨ ਲਈ ਪਿੰਗਲਵਾੜੇ ਦਾ ਖ਼ਾਸ ਯੋਗਦਾਨ ਰਿਹਾ ਹੈ । ਅਜਿਹਾ ਯੋਗਦਾਨ ਪਿੰਗਲਵਾੜਾ ਵਿੱਚ ਸਥਾਪਿਤ '**ਪੂਰਨ ਪ੍ਰਿੰਟਿੰਗ ਪ੍ਰੈਸ**' ਵੱਖ-ਵੱਖ ਧਾਰਮਿਕ, ਸਮਾਜਿਕ, ਸਦਾਚਾਰਿਕ ਤੇ ਸਿਹਤ ਸੰਬੰਧੀ ਮੁੱਦਿਆਂ 'ਤੇ ਸਾਹਿਤ ਛਾਪ ਕੇ ਉਸ ਦੀ ਮੁਫ਼ਤ ਵੰਡਾਈ ਰਾਹੀਂ ਕਰ ਰਹੀ ਹੈ । ਪਿੰਗਲਵਾੜਾ ਪ੍ਰੈਸ ਅਤੇ ਪਬਲੀਸਿਟੀ ਦਾ ਕੁੱਲ ਸਾਲਾਨਾ ਖ਼ਰਚ

ਇੱਕ ਕਰੋੜ ਪੰਜਾਹ ਲੱਖ ਰੁਪਏ ਹੈ ।

**(ਅ) ਪੀੜਿਤ ਲੋਕਾਂ ਦੀ ਮਦਦ**:- ਕੁਦਰਤੀ ਆਫ਼ਤਾਂ ਜਿਵੇਂ ਹੜ੍ਹ, ਭੁਚਾਲ ਆਦਿ ਤੋਂ ਪ੍ਰਭਾਵਿਤ ਪੀੜਿਤਾਂ ਨੂੰ ਪਿੰਗਲਵਾੜਾ ਸੰਸਥਾ ਵੱਲੋਂ ਹਰ ਪ੍ਰਕਾਰ ਦੀ ਮਦਦ ਦੇਣ ਦੀ ਭਰਪੂਰ ਕੋਸ਼ਿਸ਼ ਕੀਤੀ ਜਾਂਦੀ ਹੈ । ਸੰਨ 2008 ਵਿੱਚ ਜੁਲਾਈ ਤੋਂ ਅਗਸਤ ਮਹੀਨੇ ਦੌਰਾਨ ਪੰਜਾਬ ਦੇ ਜਲੰਧਰ ਤੇ ਕਪੂਰਥਲਾ ਜ਼ਿਲ੍ਹਿਆਂ ਵਿੱਚ ਆਏ ਹੜ੍ਹਾਂ ਨਾਲ ਪੀੜਿਤ 800 ਪਰਿਵਾਰਾਂ ਲਈ ਰਾਸ਼ਨ, ਘਰੇਲੂ ਸਾਮਾਨ ਅਤੇ ਕੰਬਲ ਮੁਫ਼ਤ ਵੰਡੇ ਗਏ। ਸੰਨ 2010 ਵਿੱਚ, ਲਦਾਖ ਵਿੱਚ ਹੜ੍ਹ ਨਾਲ ਪੀੜਿਤ ਲੋਕਾਂ ਦੀ ਮਦਦ ਲਈ ਸੰਸਥਾ ਵੱਲੋਂ ਡਾ: ਇੰਦਰਜੀਤ ਕੌਰ ਦੀ ਅਗਵਾਈ ਵਿੱਚ 2 ਟਰੱਕ ਰਸਦ, ਕੱਪੜੇ, ਰਜਾਈਆਂ ਅਤੇ ਕੰਬਲ, ਗਰਮ ਕੱਪੜੇ ਆਦਿ ਸਮਾਨ ਭੇਜੇ ਗਏ ਜਿਨ੍ਹਾਂ ਨੂੰ ਘਰ-ਘਰ ਜਾ ਕੇ ਵੰਡਿਆ ਗਿਆ ।

**(ੲ) ਲਾਵਾਰਸ ਲਾਸ਼ਾਂ ਦਾ ਸਸਕਾਰ**: ਪਿੰਗਲਵਾੜਾ ਵੱਲੋਂ ਲਾਵਾਰਸ ਲਾਸ਼ਾਂ ਦਾ ਸਸਕਾਰ ਪੂਰੇ ਸਤਿਕਾਰ ਸਹਿਤ ਕੀਤਾ ਜਾਂਦਾ ਹੈ ।

**(ਸ) ਬਿਰਧਾਂ ਦੀ ਦੇਖਭਾਲ**: ਸੰਗਰੂਰ ਬ੍ਰਾਂਚ ਵਿੱਚ ਇਕ ਬਿਰਧ-ਘਰ ਮਾਰਚ 2002 ਤੋਂ ਚੱਲ ਰਿਹਾ ਹੈ ਅਤੇ ਇਕ ਬਿਰਧ ਘਰ ਮਾਨਾਂਵਾਲਾ ਕੰਪਲੈਕਸ ਵਿਖੇ ਚਲ ਰਿਹਾ ਹੈ, ਜਿਸ ਵਿੱਚ 92 ਬਿਰਧਾਂ ਦੇ ਰੱਖਣ ਦਾ ਯੋਗ ਪ੍ਰਬੰਧ ਕੀਤਾ ਗਿਆ ਹੈ ।

**(ਹ) ਅਜਾਇਬ-ਘਰ ਤੇ ਦਸਤਾਵੇਜ਼ੀ ਫ਼ਿਲਮਾਂ**: ਬਿਖ਼ਮ ਮਾਰਗ ਦੇ ਪਾਂਧੀ ਭਗਤ ਪੂਰਨ ਸਿੰਘ ਜੀ ਦੀਆਂ ਜੀਵਨ ਘਾਲਣਾਵਾਂ ਸੰਬੰਧੀ ਤਸਵੀਰਾਂ ਦਾ ਸੰਗ੍ਰਹਿ ਅਜਾਇਬ-ਘਰ ਦੇ ਰੂਪ ਵਿੱਚ ਮੁੱਖ ਦਫ਼ਤਰ ਪਿੰਗਲਵਾੜਾ ਵਿੱਚ ਸਥਾਪਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਉਹਨਾਂ ਦੇ ਜੀਵਨ ਨੂੰ ਦਰਸਾਉਂਦੀਆਂ ਹੋਈਆਂ ਕੁਝ ਦਸਤਾਵੇਜ਼ੀ ਫ਼ਿਲਮਾਂ ਵੀ ਵੱਖ-ਵੱਖ ਬੁੱਧੀਜੀਵੀਆਂ ਵੱਲੋਂ ਤਿਆਰ ਕਰਵਾਈਆਂ ਗਈਆਂ ਹਨ ਜਿਵੇਂ ਕਿ

(ੳ) 'ਇਕ ਮਿਸਾਲ', 'Pingalwara Presentation'

(ਅ) 'ਇਹ ਜਨਮ ਤੁਮ੍ਹਾਰੇ ਲੇਖੇ' ।



(ੲ) Pingalwara Home for Homeless

(ਸ) ਮਸ਼ਹੂਰ ਅਮਰੀਕੀ ਮੀਡੀਆ ਸ਼ਖ਼ਸੀਅਤ ਗੁਰਮੀਤ ਸੋਢੀ ਦੀ ਫ਼ਿਲਮ—'Pingalwara — A selfless Home'

(ਹ) ਸ੍ਰ: ਜੋਗਿੰਦਰ ਸਿੰਘ 'ਕਲਸੀ' ਤੇ ਸ੍ਰ.ਜਸਬੀਰ ਸਿੰਘ 'ਹੰਸਪਾਲ' ਵੱਲੋਂ ਨਿਰਮਤ ਫ਼ਿਲਮ — 'A Selfless Life'

(ਕ) Pingalwara — Educational Endeavours

(ਖ) Natural Farming

(ਗ) ਪਾਣੀ ਦੀ ਸਮੱਸਿਆ

(ਘ) ਰੁੱਖ

(ਙ) ਭਗਤ ਪੂਰਨ ਸਿੰਘ ਜੀ ਦੇ ਜੀਵਨ 'ਤੇ ਅਧਾਰਤ ਫੀਚਰ ਫ਼ਿਲਮ **'ਇਹ ਜਨਮ ਤੁਮ੍ਹਾਰੇ ਲੇਖੇ'** 30 ਜਨਵਰੀ, 2015 ਨੂੰ ਦੇਸ਼ ਭਰ ਅਤੇ ਵਿਦੇਸ਼ਾਂ ਵਿੱਚ ਰਿਲੀਜ਼ ਹੋ ਚੁੱਕੀ ਹੈ । ਇਸ ਫ਼ਿਲਮ ਰਾਹੀਂ ਨਵੀਂ ਪੀੜ੍ਹੀ ਲਈ ਭਗਤ ਜੀ ਦੀ ਸਮਾਜ ਪ੍ਰਤੀ ਕੀਤੀ ਨਿਸ਼ਕਾਮ ਸੇਵਾ ਅਤੇ ਕੁਰਬਾਨੀ ਬਾਰੇ ਚਾਨਣਾ ਪਾਇਆ ਗਿਆ ਹੈ। ਇਸ ਫ਼ਿਲਮ ਨੂੰ ਦੇਸ਼ ਅਤੇ ਵਿਦੇਸ਼ਾਂ ਵਿੱਚ ਭਰਪੂਰ ਹੁੰਗਾਰਾ ਮਿਲਿਆ ਹੈ ।

ਪਿੰਗਲਵਾੜਾ ਪਰਿਵਾਰ ਦੇ ਬੱਚਿਆਂ ਵੱਲੋਂ ਗਾਇਨ ਕੀਤੀ 'ਗੁਰਬਾਣੀ ਕੀਰਤਨ' ਦੀ ਵੀਡੀਓ ਦੀ ਡੀ.ਵੀ.ਡੀ. ਡਾ.ਓਮ ਗੌਰੀ ਦੱਤ ਸ਼ਰਮਾ ਡਿਪਟੀ ਡਾਇਰੈਕਟਰ ਜਲੰਧਰ ਦੂਰ-ਦਰਸ਼ਨ ਦਵਾਰਾ ਮਿਤੀ 9-7-2016 ਨੂੰ ਰਿਲੀਜ ਕੀਤੀ ਗਈ।

**ਭਗਤ ਪੂਰਨ ਸਿੰਘ ਸਮਾਰਕ** :- ਪੂਜਨੀਕ ਭਗਤ ਪੂਰਨ ਸਿੰਘ ਜੀ ਦੇ ਜਨਮ ਸਥਾਨ ਪਿੰਡ ਰਾਜੇਵਾਲ ਰੋਹਣੋਂ, ਜ਼ਿਲ੍ਹਾ ਲੁਧਿਆਣਾ ਵਿਖੇ '*ਭਗਤ ਪੂਰਨ ਸਿੰਘ ਸਮਾਰਕ*' ਦਾ ਨਿਰਮਾਣ ਹੋ ਚੁੱਕਾ ਹੈ । ਇਹ ਸਮਾਰਕ ਉਨ੍ਹਾਂ ਦੀ ਪਹਿਲੀ ਜਨਮ ਸ਼ਤਾਬਦੀ ਜੋ ਕਿ **4 ਜੂਨ, 2004** ਨੂੰ ਮਨਾਈ ਗਈ ਸੀ, ਨੂੰ ਸਮਰਪਿਤ ਹੈ ।

**ਗਊਸ਼ਾਲਾ** : ਮਾਨਾਂਵਾਲਾ ਕੰਪਲੈਕਸ ਵਿੱਚ ਇਕ ਗਊਸ਼ਾਲਾ ਭੀ ਹੈ । ਇਸ ਵਿੱਚ 120 ਦੁਧਾਰੂ ਪਸ਼ੂ ਹਨ ਜਿਨ੍ਹਾਂ ਦੀ ਸੰਸਥਾ ਵੱਲੋਂ ਸੇਵਾ-ਸੰਭਾਲ ਹੋ ਰਹੀ ਹੈ । ਗਊਆਂ ਦਾ ਦੁੱਧ ਮਰੀਜ਼ਾਂ ਲਈ ਵਰਤਿਆ ਜਾਂਦਾ ਹੈ ।

ਪਿੰਗਲਵਾੜੇ ਦਾ ਰੋਜ਼ਾਨਾ ਖ਼ਰਚ **ਸਾਢੇ ਛੇ ਲੱਖ** ਰੁਪਏ ਤੋਂ ਵੱਧ ਹੈ ਜੋ ਕਿ ਸੰਗਤਾਂ ਦੇ ਸਹਿਯੋਗ ਅਤੇ ਭਗਤ ਪੂਰਨ ਸਿੰਘ ਜੀ ਦੀ ਦਿੱਤੀ ਸੇਧ ਮੁਤਾਬਕ ਹੁੰਦਾ ਹੈ।

(I) ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ, ਰਜਿਸਟਰਾਰ ਆਫ ਕੰਪਨੀਜ਼ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਪੱਤਰ ਨੰਬਰ 130 ਆਫ 1956-57 ਅਤੇ ਸੋਧ ਨੰਬਰ A-28/4540 ਮਿਤੀ 07-07-1998 ਦੁਆਰਾ ਰਜਿਸਟਰਡ ਹੈ ।

(II) ਪਿੰਗਲਵਾੜਾ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਨੂੰ ਇਨਕਮ ਟੈਕਸ ਦੇ ਸੈਕਸ਼ਨ 80-G ਅਨੁਸਾਰ ਇਨਕਮ ਟੈਕਸ-II ਅੰਮ੍ਰਿਤਸਰ ਪੱਤਰ ਸੰਖਿਆ ਨੰਬਰ CIT-II/ASR/ITO(Tech.) 2011-12/4730 ਮਿਤੀ 11/12 January, 2012. ਅਧੀਨ ਟੈਕਸ ਦੀ ਛੋਟ ਪ੍ਰਾਪਤ ਹੈ ।

ਪਿੰਗਲਵਾੜਾ ਸੰਸਥਾ ਦਾ PAN ਨੰਬਰ AAATA2237R ਹੈ।

ਪਿੰਗਲਵਾੜਾ ਦੇ FCRA (Foreign Contribution Regulation Act.) ਨੰਬਰ 115210002 ਹੈ।

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

**ਡਾ: ਇੰਦਰਜੀਤ ਕੌਰ, ਮੁੱਖ ਸੇਵਕਾ,**

ਆਲਇੰਡੀਆਪਿੰਗਲਵਾੜਾਚੈਰੀਟੇਬਲਸੋਸਾਇਟੀ(ਰਜਿ:),ਅੰਮ੍ਰਿਤਸਰ।

**ਪੁੱਛ-ਗਿੱਛ ਲਈ ਕਰਨਲ ਸ. ਦਰਸ਼ਨ ਸਿੰਘ ਬਾਵਾ, (ਰਿਟਾ.)**

**ਮੁੱਖ-ਪ੍ਰਸ਼ਾਸਕ 98145-35937**



**Details of Banks for sending Donation through Online/ Cheque/Draft may be sent in favour of:**
**'All India Pingalwara Charitable Society (Regd.), Amritsar' (PAN No.: AAATA 2237R)**
(The donations made to Pingalwara are exempt from Income Tax under Section 80G of I.T. Act. 1961)

| S.No. | Name of Account | Name of the Bank | Account No. | Swift/IFS Code |
|---|---|---|---|---|
| | **(FOR FOREIGN CONTRIBUTORS)** | | | |
| | All India Pingalwara Charitable Society (Regd.), Amritsar. | Oriental Bank of Commerce, Sharifpura, Amritsar. | 01562010002890 | ORBCINBBASR |
| | **(FOR INLAND CONTRIBUTORS)** | | | |
| 1. | All India Pingalwara Charitable Society (Regd.), Amritsar. | Oriental Bank of Commerce, Sharifpura, Amritsar. | 01562010003720 | ORBC 0100156 |
| 2. | All India Pingalwara Charitable Society (Regd.), Amritsar. | State Bank of India,Town Hall, Amritsar. | 10978255668 | SBIN0000609 |
| 3. | All India Pingalwara Charitable Society (Regd.), Amritsar. | Bank of India, City Centre, Amritsar. | 630510100026147 | BKID0006305 |
| 4. | All India Pingalwara Charitable Society (Regd.), Amritsar. | Axis Bank Ltd., City Centre Amritsar. | 685010100009799 | UTIB0000685 |
| 5. | All India Pingalwara Charitable Society (Regd.), Amritsar. | Punjab National Bank, Hall Bazar, Amritsar. | 0018002100097336 | PUNB0001800 |
| 6. | All India Pingalwara Charitable Society (Regd.), Amritsar. | ICICI Bank Ltd., Lawrence Road, Amritsar. | 006601012522 | ICIC0000066 |
| 7. | All India Pingalwara Charitable Society (Regd.), Amritsar. | HDFC Bank Ltd., Mall Road, Amritsar. | 01151000246510 | HDFC0000115 |
| 8. | All India Pingalwara Charitable Society (Regd.), Amritsar. | HDFC Bank Ltd., Ghanta Ghar, Golden Temple, Amritsar. | 13131000082013 | HDFC0001313 |

| | | | | |
|---|---|---|---|---|
| 9. | All India Pingalwara Charitable Society (Regd.), Amritsar. | Punjab & Sind Bank, Hall Bazar, Amritsar. | 00011000096048 | PSIB000A001 |
| 10. | All India Pingalwara Charitable Society (Regd.), Amritsar. | Bank of Baroda, Town Hall, Amritsar. | 01010100015572 | BARBOAMRITS |
| 11. | All India Pingalwara Charitable Society (Regd.), Amritsar. | Oriental Bank of Commerce, Sec-47 C, Chandigarh. | 12332011000560 | ORBC0101233 |
| 12. | All India Pingalwara Charitable Society (Regd.), Amritsar. | Punjab & Sind Bank, Sangrur. | 00671000012150 | PSIB0000067 |
| 13. | All India Pingalwara Charitable Society (Regd.), Amritsar. | State Bank of India, Patiala Gate, Sangrur. | 33530846863 | SBIN0001759 |
| 14. | All India Pingalwara Charitable Society (Regd.), Amritsar. | Punjab & Sind Bank, Gole Market, New Delhi. | 07621000007388 | PSIB0000762 |

| (IN UK) | (IN CANADA) | (IN USA) |
|---|---|---|
| **S. GURBAKHSH SINGH**<br>**63 Peacock street, Gravesend, Kent, (U.K.)**<br>**DA12 IEG, Ph. 1474568574** | **BIBI ABNASH KAUR KANG**<br>**(Pingalwara Soceity of Ontario (Regd.)**<br>**124 Blackmere Cir, Brampton, ONT., L6W 4CI, Canada**<br>**Ph: 905-450-9664, 416-674-3341**<br>**Email-abnash6@yahoo.com** | **JASWANT SAWHNEY CHARITABLE TRUST**<br>**In Association with**<br>**All India Pingawara Charitable Society (Regd.)**<br>**7713 Toburk CT, HANOVER, MD 21076-1643 U.S.A.**<br>**BIBI JATINDER KAUR DUSAJ**<br>**Ph. 410-551-8010**<br>**E-mail-kaurg 2004@yahoo.com** |



## ਦਾਨੀ ਸੱਜਣਾਂ ਲਈ ਭਗਤ ਜੀ ਦੀਆਂ ਅਸੀਸਾਂ

"ਵਾਹਿਗੁਰੂ ਆਪ ਨੂੰ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨ, ਗੁਰਸਿੱਖੀ ਦੇ ਨਿੱਤਨੇਮ ਦਾ ਪਾਠ ਕਰਨ, ਗੁਰਦੁਆਰੇ ਜਾ ਕੇ 'ਆਸਾ ਦੀ ਵਾਰ' ਦਾ ਕੀਰਤਨ ਸੁਣਨ ਦਾ ਬਲ ਬਖ਼ਸ਼ੇ। ਗੁਰੂ ਦੀ ਗੋਲਕ ਦਾ ਦਸਵੇਂ ਹਿੱਸੇ ਦਾ ਦਸਵੰਧ ਕੱਢਣ ਦੀ ਆਦਤ ਪਾਵੇ । ਸਾਂਸ-ਸਾਂਸ ਵਾਹਿਗੁਰੂ ਦਾ ਨਾਮ ਸਿਮਰਨ ਦੀ ਆਦਤ ਪਾਵੇ । "

—ਭਗਤ ਪੂਰਨ ਸਿੰਘ ਸੰਸਥਾਪਕ ਪਿੰਗਲਵਾੜਾ, ਅੰਮ੍ਰਿਤਸਰ